## ਅਧਿਆਇ 14

# ਨਿਹਚਾ ਤੋਂ ਮੂੰਹ ਮੋੜਨਾ (ਭਾਗ 2): ਇਸਰਾਏਲੀਆਂ ਦੀ ਬਗਾਵਤ ਅਤੇ ਨਤੀਜੇ

ਦਸ ਖੋਜ ਕੱਢਣ ਵਾਲਿਆਂ ਨੇ ਕਿਹਾ ਸੀ ਕਿ ਇਸਰਾਏਲੀ ਕਿਸੇ ਵੀ ਤਰੀਕੇ ਨਾਲ ਕਨਾਨ ਦੇ ਲੋਕਾਂ ਦੇ ਵਿਰੁੱਧ ਨਹੀਂ ਸੀ ਜਾ ਸਕਦੇ (13:31)। ਸਥਿਤੀ ਦੇ ਇਸ ਬੁਰੇ ਵਿਚਾਰ ਦੇ ਗੰਭੀਰ ਨਤੀਜੇ ਨਿੱਕਲੇ ਸਨ। ਗਿਣਤੀ ਦੀ ਪੁਸਤਕ ਦਾ 14 ਅਧਿਆਇ ਦਸ ਖੋਜ ਕੱਢਣ ਵਾਲਿਆਂ ਦੇ ਨਕਾਰਾਤਮਕ ਵਿਚਾਰ ਪ੍ਰਤੀ ਇਸਰਾਏਲ ਦੀ ਪਾਪ ਭਰੀ ਪ੍ਰਤੀਕਿਰਿਆ ਦਾ ਵਿਰਤਾਂਤ ਦਿੰਦਾ ਹੈ। ਲੋਕਾਂ ਨੇ ਉਨ੍ਹਾਂ ਦੀ ਸ਼ਾਇਦ ਨਿਸ਼ਚਤ ਬਰਬਾਦੀ ਤੇ ਸੋਗ ਪਰਗਟ ਕੀਤਾ ਸੀ ਅਤੇ ਉਹ ਸਗੋਂ ਮਿਸਰ ਨੂੰ ਵਾਪਸ ਜਾਣਾ ਚਾਹੁੰਦੇ ਸਨ। ਯਹੋਸ਼ੁਆ ਅਤੇ ਕਾਲੇਬ ਨੇ ਭੀੜ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਪਰਮੇਸ਼ੁਰ ਦੀ ਸਹਾਇਤਾ ਨਾਲ, ਉਹ ਉਸ ਦੇਸ ਤੇ ਕਬਜ਼ਾ ਕਰ ਸਕਦੇ ਸਨ।

ਯਹੋਸ਼ੁਆ ਨੇ ਇਸ ਸਮੇਂ ਤੱਕ ਕਾਲੇਬ ਦੇ ਵਿਚਾਰ ਨਾਲ ਸਹਿਮਤੀ ਜਤਾਉਣ ਦੇ ਲਈ ਕਿਉਂ ਉਡੀਕ ਕੀਤੀ ਸੀ ਇਸ ਗੱਲ ਤੋਂ ਅਸੀਂ ਅਣਜਾਣ ਹਾਂ। ਅਨੁਮਾਨ ਇਹ ਲਾਇਆ ਜਾਂਦਾ ਹੈ ਕਿ ਪਹਿਲਾਂ ਤਾਂ ਉਹ ਇਸ ਲਈ ਸ਼ਾਂਤ ਰਿਹਾ ਕਿਉਂਕਿ ਉਹ ਮੂਸਾ ਦੇ ਇੰਨਾ ਜ਼ਿਆਦਾ ਨਜ਼ਦੀਕ ਸੀ ਕਿ ਪਰਜਾ ਦੁਆਰਾ ਉਸ ਦੇ ਵਿਚਾਰ ਨੂੰ ਐਵੇਂ ਸਮਝਿਆ ਗਿਆ ਹੋਵੇਗਾ। ਯਹੋਸ਼ੁਆ ਅਤੇ ਕਾਲੇਬ ਦੇ ਸਕਾਰਾਤਮਕ ਰਵੱਈਆਂ ਦੁਆਰਾ ਪ੍ਰੇਰਣਾ ਪ੍ਰਾਪਤ ਕਰਨ ਦੀ ਬਜਾਇ, ਭੀੜ ਨੇ ਉਨ੍ਹਾਂ ਨੂੰ ਪੱਥਰ ਮਾਰਨ ਦੀ ਧਮਕੀ ਦਿੱਤੀ ਸੀ।

ਪਰਮੇਸ਼ੁਰ ਨੇ ਇਹ ਕਹਿਣ ਦੁਆਰਾ ਆਪਣੀ ਨਾਰਾਜ਼ਗੀ ਪਰਗਟ ਕੀਤੀ ਕਿ ਉਹ ਪਰਜਾ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦੇਵੇਗਾ ਅਤੇ ਮੂਸਾ ਵਿੱਚੋਂ ਇਕ ਵੱਡੀ ਕੌਮ ਬਣਾਵੇਗਾ। ਮੂਸਾ ਨੇ ਪਰਮੇਸ਼ੁਰ ਨੂੰ ਲੋਕਾਂ ਨੂੰ ਬਰਬਾਦ ਕਰਨ ਦੀ ਪਰਮੇਸ਼ੁਰ ਦੀ ਧਮਕੀ ਨੂੰ ਲਾਗੂ ਨਾ ਕਰਨ ਦੇ ਲਈ ਰਾਜ਼ੀ ਕਰ ਲਿਆ। ਪਰ, ਪਰਮੇਸ਼ੁਰ ਨੇ ਆਖਿਆ ਕਿ ਉਹ (ਯਹੋਸ਼ੁਆ ਅਤੇ ਕਾਲੇਬ ਤੋਂ ਇਲਾਵਾ) ਵੀਹ ਸਾਲ ਤੋਂ ਜੋ ਉੱਪਰ ਦੇ ਸਨ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਵਾਅਦੇ ਦੀ ਧਰਤੀ ਵਿਚ ਦਾਖ਼ਲ ਨਾ ਹੋਣ ਦੀ ਬੁਰੀ ਤਰ੍ਹਾਂ ਸਜ਼ਾ ਦੇਵੇਗਾ। ਲੋਕ ਚਾਲੀ ਸਾਲ ਤੱਕ ਉਜਾੜ ਵਿਚ ਭਟਕਣਗੇ, ਜਦੋਂ ਤੱਕ ਉਹ ਪੀੜ੍ਹੀ ਬੀਤ ਨਹੀਂ ਜਾਂਦੀ; ਉਸ ਤੋਂ ਬਾਅਦ ਉਹ ਉਨ੍ਹਾਂ ਦੇ ਬੱਚਿਆਂ - ਨਵੀਂ ਪੀੜ੍ਹੀ - ਨੂੰ ਦੇਸ ਵਿਚ ਲੈ ਕੇ ਆਵੇਗਾ। ਇਸ ਤੋਂ ਬਾਅਦ, ਪਰਮੇਸ਼ੁਰ ਨੇ ਦਸ ਖੋਜ ਕੱਢਣ ਵਾਲਿਆਂ ਨੂੰ ਜਿਨ੍ਹਾਂ ਨੇ ਬੁਰੀ ਰਪੋਟ ਦਿੱਤੀ ਸੀ ਮਾਰ ਸੁੱਟਿਆ।

ਜਦੋਂ ਪਰਜਾ ਨੇ ਪਰਮੇਸ਼ੁਰ ਦੇ ਫ਼ਰਮਾਨ ਨੂੰ ਸੁਣਿਆ, ਉਨ੍ਹਾਂ ਨੇ “ਵੱਡਾ ਵਿਰਲਾਪ ਕੀਤਾ” (14:39)। ਇਸ ਸਮੇਂ ਤੱਕ, ਪਰਤੱਖ ਰੂਪ ਵਿਚ ਉਨ੍ਹਾਂ ਦੇ ਪਾਪ ਦੇ ਲਈ ਪ੍ਰਾਸਚਿਤ ਕਰਨ ਦੀ

ਕੋਸ਼ਿਸ਼ ਵਿਚ, ਉਨ੍ਹਾਂ ਨੇ ਉੱਪਰ ਜਾਣ ਅਤੇ ਦੇਸ ਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। ਮੂਸਾ ਨੇ ਇਸ ਤਰ੍ਹਾਂ ਕਰਨ ਦੇ ਲਈ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਸੀ, ਕਿਉਂਕਿ ਇਹ ਯਹੋਵਾਹ ਦੇ ਹੁਕਮ ਦੀ "ਉਲੰਘਣਾ" ਹੋਣੀ ਸੀ (14:41)। ਫਿਰ ਵੀ ਉਹ ਆਪਣੀ ਯੋਜਨਾ ਨੂੰ ਲੈ ਕੇ ਅੱਗੇ ਵਧੇ ਅਤੇ ਕਨਾਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਹਾਲਾਂਕਿ ਮੂਸਾ ਅਤੇ ਪਰਮੇਸ਼ੁਰ ਦਾ ਸੰਦੂਕ ਡੇਰੇ ਵਿਚ ਰਹੇ। ਇਸਰਾਏਲੀਆਂ ਦੀ ਬੁਰੀ ਤਰ੍ਹਾਂ ਹਾਰ ਹੋਈ (14:45)।

## ਖੋਜ ਕੱਢਣ ਵਾਲਿਆਂ ਦੀ ਰਪੋਟ ਦੇ ਪ੍ਰਤੀ ਲੋਕਾਂ ਦਾ ਜਵਾਬ (14:1-5)

**1ਤਾਂ ਸਾਰੀ ਮੰਡਲੀ ਨੇ ਆਪਣੀ ਅਵਾਜ਼ ਉੱਚੀ ਦਿੱਤੀ ਚੀਕ ਚਿਹਾੜ੍ਹਾ ਪਾਇਆ ਅਤੇ ਪਰਜਾ ਉਸ ਰਾਤ ਰੋਂਦੀ ਰਹੀ। 2ਅਤੇ ਸਾਰੇ ਇਸਰਾਏਲੀ ਮੂਸਾ ਦੇ ਵਿਰੁੱਧ ਅਤੇ ਹਾਰੂਨ ਦੇ ਵਿਰੁੱਧ ਬੁੜ ਬੁੜਾਏ ਅਤੇ ਸਾਰੀ ਮੰਡਲੀ ਨੇ ਉਨ੍ਹਾਂ ਨੂੰ ਆਖਿਆ, ਚੰਗਾ ਹੀ ਹੁੰਦਾ ਜੇ ਅਸੀਂ ਮਿਸਰ ਦੇਸ ਵਿੱਚ ਮਰ ਜਾਂਦੇ ਅਥਵਾ ਏਸ ਉਜਾੜ ਵਿੱਚ ਮਰ ਮੁੱਕਦੇ! 3ਯਹੋਵਾਹ ਸਾਨੂੰ ਕਾਹਨੂੰ ਏਸ ਦੇਸ ਵਿੱਚ ਲਿਆਇਆ ਭਈ ਅਸੀਂ ਤੇਗ ਨਾਲ ਡਿੱਗੀਏ ਅਤੇ ਸਾਡੀਆਂ ਤੀਵੀਆਂ ਅਤੇ ਸਾਡੇ ਨਿਆਣੇ ਲੁੱਟ ਦਾ ਮਾਲ ਹੋਣ? ਕੀ ਸਾਡੇ ਲਈ ਚੰਗਾ ਨਹੀਂ ਕਿ ਅਸੀਂ ਮਿਸਰ ਨੂੰ ਮੁੜ ਜਾਈਏ? 4ਤਾਂ ਓਹ ਇੱਕ ਦੂਜੇ ਨੂੰ ਆਖਣ ਲੱਗੇ ਭਈ ਅਸੀਂ ਇੱਕ ਸਰਦਾਰ ਠਹਿਰਾ ਕੇ ਮਿਸਰ ਨੂੰ ਮੁੜ ਚੱਲੀਏ। 5ਤਾਂ ਮੂਸਾ ਅਤੇ ਹਾਰੂਨ ਆਪਣੇ ਮੂਹਾਂ ਭਾਰ ਇਸਰਾਏਲੀਆਂ ਦੀ ਮੰਡਲੀ ਦੀ ਸਭਾ ਅੱਗੇ ਡਿੱਗ ਪਏ।**

**ਆਇਤ 1.** ਜਦੋਂ **ਸਾਰੀ ਮੰਡਲੀ** ਨੇ ਸੁਣਿਆ ਕਿ ਕਨਾਨ ਦੇਸ ਦੇ ਲੋਕ ਆਕਾਰ ਵਿਚ "ਨਫੀਲੀਮ" ਵਰਗੇ ਸਨ ਅਤੇ ਇਹ ਕਿ ਖੋਜ ਕੱਢਣ ਵਾਲਿਆਂ ਨੇ ਆਪਣੇ ਆਪ ਨੂੰ ਉਨ੍ਹਾਂ ਦੇ ਸਾਹਮਣੇ "ਟਿੱਡਿਆਂ ਵਰਗੇ" ਸਮਝਿਆ ਸੀ (13:33), ਉਹ **ਰੋਏ**।

**ਆਇਤਾਂ 2-4.** ਫਿਰ ਇਸਰਾਏਲੀਆਂ ਨੇ ਇਹ ਇੱਛਾ ਕੀਤੀ ਸੀ ਕਿ ਉਹ ਕਨਾਨ ਦੇਸ ਉੱਤੇ ਜਿੱਤ ਪਾਉਣ ਦੀ ਕੋਸ਼ਿਸ਼ ਕਰਦਿਆਂ ਮਰਨ ਦੀ ਬਜਾਇ **ਮਿਸਰ ਦੇਸ ਵਿੱਚ ਮਰ ਜਾਂਦੇ** ਅਥਵਾ **ਉਜਾੜ** ਵਿੱਚ ਮਰ ਮੁੱਕਦੇ। ਉਨ੍ਹਾਂ ਨੇ ਪਰਮੇਸ਼ੁਰ ਤੇ ਇਸ ਗੱਲ ਦਾ ਦੋਸ਼ ਲਾਇਆ ਸੀ ਕਿ ਪਰਮੇਸ਼ੁਰ ਉਨ੍ਹਾਂ ਨੂੰ ਉਸ **ਦੇਸ ਵਿੱਚ ਤੇਗ ਨਾਲ ਡਿੱਗਣ ਦੇ ਲਈ ਲਿਆਇਆ ਸੀ**; ਉਨ੍ਹਾਂ ਨੇ ਵਿਰਲਾਪ ਕੀਤਾ ਸੀ ਕਿ ਉਨ੍ਹਾਂ ਦੀਆਂ **ਤੀਵੀਆਂ** ਅਤੇ **ਨਿਆਣੇ ਲੁੱਟ ਦਾ ਮਾਲ** ਹੋਣਗੇ ਅਤੇ ਉਨ੍ਹਾਂ ਨੇ ਆਖਿਆ ਕਿ ਕਨਾਨ ਉੱਤੇ ਜਿੱਤ ਪਾਉਣ ਦੀ ਕੋਸ਼ਿਸ਼ ਕਰਨ ਦੀ ਬਜਾਇ ਮਿਸਰ ਨੂੰ ਮੁੜਨਾ ਬਿਹਤਰ ਹੋਵੇਗਾ। ਉਹ ਪਰਮੇਸ਼ੁਰ ਦੇ ਲਈ ਵਫ਼ਾਦਾਰੀ ਨਾਲ ਲੜਨ ਦੀ ਬਜਾਇ ਗੁਲਾਮ ਬਣਨਾ ਪਸੰਦ ਕਰਨਗੇ। ਇਕ ਨਵੇਂ **ਸਰਦਾਰ** ਨੂੰ ਚੁਣਨ ਦਾ ਪ੍ਰਸਤਾਵ ਰੱਖਿਆ ਜਿਹੜਾ ਉਨ੍ਹਾਂ ਨੂੰ ਵਾਪਸ ਮਿਸਰ ਵਿਚ ਲੈ ਕੇ ਜਾਵੇਗਾ।

**ਆਇਤ 5.** ਲੋਕਾਂ ਦੀਆਂ ਗੱਲਾਂ ਨੂੰ ਸੁਣਨ ਤੋਂ ਬਾਅਦ, **ਮੂਸਾ ਅਤੇ ਹਾਰੂਨ ਆਪਣੇ ਮੂੰਹਾਂ ਭਾਰ ਇਸਰਾਏਲੀਆਂ ਦੀ ਮੰਡਲੀ ਦੀ ਸਭਾ ਅੱਗੇ ਡਿੱਗ ਪਏ**। ਕੀ ਕਾਰਣ ਸੀ ਕਿ ਇਸਰਾਏਲੀ ਆਗੂ ਉਨ੍ਹਾਂ ਦੇ ਅੱਗੇ ਸਿਰ ਝੁਕਾ ਕੇ ਡਿੱਗ ਪਏ? ਲੋਕਾਂ ਨੇ ਨਾਸ਼ੁਕਰਗੁਜਾਰੀ ਵਿਖਾਈ ਸੀ, ਉਹ ਸਭ ਕੁਝ ਭੁੱਲ ਕੇ ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਕੀਤਾ ਸੀ। ਉਹ ਪਰਮੇਸ਼ੁਰ ਦੀ ਸਮਰੱਥਾ ਵਿਚ ਭਰੋਸਾ ਕਰਨ ਵਿਚ ਵੀ ਅਸਫ਼ਲ ਹੋਏ ਸਨ। ਇਸਰਾਏਲੀਆਂ ਨੂੰ ਇਹ ਸਮਝਣਾ ਚਾਹੀਦਾ ਸੀ ਕਿ ਉਹ ਪਰਮੇਸ਼ੁਰ ਜਿਹੜਾ ਲਾਲ ਸਮੁੰਦਰ ਨੂੰ ਦੋ ਭਾਗ ਕਰ ਸਕਦਾ ਸੀ ਉਨ੍ਹਾਂ ਨੂੰ ਕਨਾਨ ਵਿਚ ਜਿੱਤ ਵੀ ਦੇ ਸਕਦਾ ਸੀ। ਬਜਾਇ ਇਸ ਦੇ, ਲੋਕਾਂ ਨੇ ਕੁਫ਼ਰ ਬਕਿਆ ਸੀ, ਉਹ ਪਰਮੇਸ਼ੁਰ ਅਤੇ ਉਸ ਦੇ ਉਦੇਸ਼ਾਂ ਦੇ ਵਿਰੁੱਧ ਬੋਲੇ ਸਨ। ਉਨ੍ਹਾਂ ਨੇ ਪਰਮੇਸ਼ੁਰ ਤੇ ਇਸ ਗੱਲ ਦਾ ਦੋਸ਼ ਲਾਇਆ ਸੀ ਕਿ ਪਰਮੇਸ਼ੁਰ ਉਨ੍ਹਾਂ ਨੂੰ ਉਜਾੜ ਦੇ ਵਿਚ ਮਰਨ ਦੇ ਲਈ ਲੈ ਕੇ ਆਇਆ ਸੀ ਅਤੇ ਪਰਮੇਸ਼ੁਰ ਉਨ੍ਹਾਂ

ਦੀਆਂ ਤੀਵੀਆਂ ਅਤੇ ਬੱਚਿਆਂ ਨੂੰ ਮਰਵਾਉਣਾ ਚਾਹੁੰਦਾ ਸੀ! ਪਰਮੇਸ਼ੁਰ ਨੇ ਆਖਿਆ ਕਿ ਲੋਕਾਂ ਨੇ ਉਸ ਦੀ "ਹਾਨੀ ਕੀਤੀ" (נָאַץ, *ਨਾਟਸ)* ਸੀ (14:23; ਵੇਖੋ 14:11)। "ਮੇਰੀ ਹਾਨੀ ਕੀਤੀ" ਦੀ ਬਜਾਇ NRSV ਬਾਈਬਲ ਵਿਚ "ਮੈਨੂੰ ਤੁੱਛ ਜਾਣਿਆ" ਹੈ ਅਤੇ NIV ਬਾਈਬਲ ਵਿਚ "ਨਫ਼ਰਤ ਨਾਲ ਵਿਹਾਰ ਕੀਤਾ" ਹੈ। ਕੈਥਰੀਨ ਡੂਬ ਸੇਕਨਫੈਲਡ ਨੇ ਇਸ ਸ਼ਬਦ ਦੀ ਤਾਕਤ ਵੱਲ ਇਸ਼ਾਰਾ ਕੀਤਾ ਸੀ:

> ਪੁਰਾਣੇ ਨੇਮ ਵਿਚ ਇਹ ਕਿਰਿਆ ਸਿਰਫ ਉਦੋਂ ਵਰਤੀ ਗਈ ਹੈ ਜਦੋਂ ਲੋਕ ਪਰਮੇਸ਼ੁਰ ਨੂੰ ਜਾਂ ਪਰਮੇਸ਼ੁਰ ਲਈ ਕਿਸੇ ਪਵਿੱਤਰ ਚੀਜ਼ ਨੂੰ ਠੁਕਰਾ ਰਹੇ ਹੁੰਦੇ ਹਨ। ਇਸ ਲਈ "ਤੁੱਛ ਜਾਣਨਾ" ਦੋਸ਼ ਲਾਉਣ ਵਾਲਾ ਇਕ ਧਾਰਮਿਕ ਸ਼ਬਦ ਹੈ ਅਤੇ ਲੋਕਾਂ ਦਾ ਇਹ ਕੰਮ ਦਰਅਸਲ ਪਰਮੇਸ਼ੁਰ ਨਾਲ ਉਨ੍ਹਾਂ ਦੇ ਨੇਮ ਦੇ ਸਮੁੱਚੇ ਰਿਸ਼ਤੇ ਦਾ ਠੁਕਰਾਉਣਾ ਹੈ। ਉਜਾੜ ਦੇ ਸੰਦਰਭ ਵਿਚ, ਦੇਸ ਨੂੰ ਠੁਕਰਾਉਣਾ ਆਪਣੇ ਆਪ ਵਿਚ ਨੇਮ ਦੇ ਠੁਕਰਾਉਣ ਦਾ ਪ੍ਰਤੀਕ ਹੈ। ਮਿਸਰ ਵਿੱਚੋਂ ਉਨ੍ਹਾਂ ਦੇ ਕੂਚ ਤੋਂ ਹੀ ਲੋਕਾਂ ਨਾਲ ਪਰਮੇਸ਼ੁਰ ਦੇ ਸੰਬੰਧ ਦਾ ਨਿਸ਼ਾਨਾ ਉਨ੍ਹਾਂ ਨੂੰ ਉਸ ਦੇਸ ਵਿਚ ਲਿਆਉਣਾ ਸੀ ਜਿਸ ਦਾ ਵਾਅਦਾ ਉਨ੍ਹਾਂ ਦੇ ਪਿਉ ਦਾਦਿਆਂ ਜਾਂ ਪੁਰਖਾਂ ਨੂੰ ਦਿੱਤਾ ਗਿਆ ਸੀ (ਉਤਪਤ 12:7)। ... ਤੁੱਛ ਜਾਣਨਾ, ਇਬਰਾਨੀ ਦ੍ਰਿਸ਼ਟੀਕੋਣ ਤੋਂ, "ਘਮੰਡ ਨਾਲ ਕੀਤਾ ਗਿਆ" ਪਾਪ ਹੈ। ਇਹ ਜਾਣਬੁੱਝ ਕੇ ਕੀਤਾ ਗਿਆ ਕੰਮ ਹੈ, ਨਾ ਕਿ ਅਣਜਾਣੇ ਵਿਚ ਕੀਤਾ ਗਿਆ ਪਾਪ ਹੈ ਜਿਸ ਦੇ ਲਈ ਮੁਆਫ਼ੀ ਮਿਲ ਸਕਦੀ ਹੈ; ਜਾਣਬੁੱਝ ਕੇ ਕੀਤੇ ਗਏ ਅਜਿਹੇ ਪਾਪ ਦੇ ਲਾਜ਼ਮੀ ਤੌਰ ਤੇ ਨਕਾਰਾਤਮਕ ਨਤੀਜੇ ਹੁੰਦੇ ਹਨ।[1]

ਮੂਸਾ ਅਤੇ ਹਾਰੂਨ ਇਸਰਾਏਲ ਦੇ ਅਪਰਾਧ ਦੀ ਵਿਸ਼ਾਲਤਾ ਤੋਂ ਭੈਭੀਤ ਹੋ ਗਏ ਸਨ। ਇਹ ਤੱਥ ਕਿ ਉਹ "ਮੰਡਲੀ ਦੀ ਸਭਾ ਅੱਗੇ" ਡਿੱਗ ਪਏ "ਉਨ੍ਹਾਂ ਦੇ ਪਾਪ ਅਤੇ ਖ਼ਤਰੇ ਵਿਚ ਉਨ੍ਹਾਂ ਨਾਲ ਆਪਣੇ ਆਪ ਨੂੰ ਪਛਾਣਨ" ਦਾ ਇਕ ਤਰੀਕਾ ਰਿਹਾ ਹੋਵੇਗਾ।[2]

## ਯਹੋਸ਼ੁਆ ਅਤੇ ਕਾਲੇਬ ਦਾ ਜਵਾਬ (14:6-9)

**6ਫੇਰ ਤਾਂ ਨੂਨ ਦੇ ਪੁੱਤ੍ਰ ਯਹੋਸ਼ੁਆ ਅਤੇ ਯਫੁੰਨਹ ਦੇ ਪੁੱਤ੍ਰ ਕਾਲੇਬ ਨੇ ਜਿਹੜੇ ਧਰਤੀ ਦਾ ਖੋਜ
ਕੱਢਣ ਵਾਲਿਆਂ ਵਿੱਚੋਂ ਸਨ ਆਪਣੇ ਕੱਪੜੇ ਪਾੜੇ। 7ਅਤੇ ਉਨ੍ਹਾਂ ਨੇ ਇਸਰਾਏਲੀਆਂ ਦੀ ਸਾਰੀ ਮੰਡਲੀ
ਨੂੰ ਆਖਿਆ ਕਿ ਉਹ ਧਰਤੀ ਜਿਹ ਦੇ ਵਿੱਚ ਦੀ ਅਸੀਂ ਖੋਜ ਕੱਢਣ ਲਈ ਲੰਘੇ ਡਾਢੀ ਹੀ ਚੰਗੀ ਹੈ।
8ਜੇ ਯਹੋਵਾਹ ਸਾਡੇ ਨਾਲ ਪਰਸੰਨ ਹੈ ਤਾਂ ਉਹ ਸਾਨੂੰ ਏਸ ਧਰਤੀ ਵਿੱਚ ਲੈ ਜਾਵੇਗਾ ਅਤੇ ਸਾਨੂੰ ਦੇ
ਦੇਵੇਗਾ। ਉਹ ਇੱਕ ਧਰਤੀ ਹੈ ਜਿਸ ਦੇ ਵਿੱਚ ਦੁੱਧ ਅਤੇ ਸ਼ਹਿਤ ਵਗਦਾ ਹੈ। 9ਕੇਵਲ ਨਾ ਤਾਂ ਤੁਸੀਂ
ਯਹੋਵਾਹ ਦੇ ਵਿਰੁੱਧ ਆਕੀ ਹੋਵੋ, ਨਾ ਹੀ ਤੁਸੀਂ ਉਸ ਦੇਸ ਦੇ ਲੋਕਾਂ ਤੋਂ ਡਰੋ ਕਿਉਂ ਜੋ ਓਹ ਤਾਂ ਸਾਡੀ
ਇੱਕ ਬੁਰਕੀ ਹੀ ਹਨ। ਓਹਨਾਂ ਦੀ ਰੱਛਿਆ ਓਹਨਾਂ ਦੇ ਉੱਤੋਂ ਜਾਂਦੀ ਰਹੀ ਹੈ ਅਤੇ ਯਹੋਵਾਹ ਸਾਡੇ
ਨਾਲ ਹੈ। ਓਹਨਾਂ ਤੋਂ ਤੁਸੀਂ ਨਾ ਡਰੋ!**

**ਆਇਤਾਂ 6-8. ਯਹੋਸ਼ੁਆ** ਅਤੇ **ਕਾਲੇਬ** ਨੇ, ਮੰਡਲੀ ਦੀਆਂ ਧਰਮ ਵਿਰੋਧੀ ਗੱਲਾਂ ਦੇ ਜਵਾਬ ਵਿਚ, **ਆਪਣੇ ਕੱਪੜੇ ਪਾੜੇ** (ਸੋਗ ਅਤੇ ਵੱਡੀ ਬਿਪਤਾ ਦਾ ਇਕ ਚਿੰਨ੍ਹ) ਅਤੇ ਉਨ੍ਹਾਂ ਨੂੰ ਮੁੜ ਤੋਂ ਵਿਚਾਰ ਕਰਨ ਦੇ ਲਈ ਉਨ੍ਹਾਂ ਦੇ ਅੱਗੇ ਮਿੰਨਤ ਕੀਤੀ। ਪਹਿਲਾਂ, ਸਿਰਫ ਕਾਲੇਬ ਦੇ ਹੋਰ ਖੋਜ ਕੱਢਣ ਵਾਲਿਆਂ ਦੀ ਰਪੋਟ ਦਾ ਖੰਡਣ ਕਰਨ ਦਾ ਜ਼ਿਕਰ ਕੀਤਾ ਗਿਆ ਸੀ; ਇਸ ਦ੍ਰਿਸ਼ ਵਿਚ ਯਹੋਸ਼ੁਆ ਲੋਕਾਂ ਨੂੰ ਜ਼ਿਆਦਾਤਰ ਖੋਜ ਕੱਢਣ ਵਾਲਿਆਂ ਦੇ ਨਕਾਰਾਤਮਕ ਵਿਚਾਰ ਨੂੰ ਠੁਕਰਾਉਣ ਦੇ ਲਈ ਲੋਕਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰਨ ਵਿਚ ਕਾਲੇਬ ਨਾਲ ਸ਼ਾਮਲ ਹੋ ਗਿਆ।

ਇਨ੍ਹਾਂ ਵਫ਼ਾਦਾਰ ਖੋਜ ਕੱਢਣ ਵਾਲਿਆਂ ਨੇ ਪੁਸ਼ਟੀ ਕੀਤੀ ਸੀ ਕਿ ਉਹ ਧਰਤੀ **ਡਾਢੀ ਹੀ ਚੰਗੀ**

**ਹੈ**। ਉਨ੍ਹਾਂ ਨੇ ਇਸ ਗੱਲ ਦਾ ਭਰੋਸਾ ਦਿੱਤਾ ਕਿ **ਜੇ ਯਹੋਵਾਹ** ਆਪਣੀ ਪਰਜਾ ਨਾਲ **ਪਰਸੰਨ ਹੈ**, ਤਾਂ ਉਹ ਉਨ੍ਹਾਂ ਨੂੰ **ਏਸ ਧਰਤੀ ਵਿੱਚ ਲੈ ਜਾਵੇਗਾ ਜਿਹ ਦੇ ਵਿੱਚ ਦੁੱਧ ਅਤੇ ਸ਼ਹਿਤ ਵਰਗਾ ਹੈ** ਅਤੇ ਉਨ੍ਹਾਂ ਨੂੰ **ਦੇ ਦੇਵੇਗਾ**।

**ਆਇਤ 9.** ਯਹੋਸ਼ੁਆ ਅਤੇ ਕਾਲੇਬ ਨੇ ਇਸਰਾਏਲੀਆਂ ਨੂੰ ਬੇਨਤੀ ਕੀਤੀ ਸੀ ਕਿ **ਨਾ ਤੁਸੀਂ ਯਹੋਵਾਹ ਦੇ ਵਿਰੁੱਧ ਆਕੀ ਹੋਵੋ**। ਦੋਹਾਂ ਨੇ ਪੁਸ਼ਟੀ ਕੀਤੀ ਸੀ, **ਯਹੋਵਾਹ ਸਾਡੇ ਨਾਲ ਹੈ**। ਜਿੱਥੋਂ ਤੱਕ **ਦੇਸ ਦੇ ਲੋਕਾਂ** ਦੀ ਗੱਲ ਹੈ, ਯਹੋਸ਼ੁਆ ਅਤੇ ਕਾਲੇਬ ਨੇ ਆਖਿਆ ਕਿ ਇਸਰਾਏਲੀਆਂ ਨੂੰ ਉਨ੍ਹਾਂ ਤੋਂ **ਡਰਨ** ਦੀ ਲੋੜ ਨਹੀਂ ਹੈ, ਕਿਉਂਕਿ ਉਸ ਦੇਸ ਦੇ ਵਾਸੀਆਂ ਦੀ **ਰੱਛਿਆ ਓਹਨਾਂ ਦੇ ਉੱਤੋਂ ਜਾਂਦੀ ਰਹੀ ਹੈ**। ਅਨੁਵਾਦ ਕੀਤੇ ਗਏ "ਰੱਛਿਆ" (צֵל, *ਟਸੇਲ)* ਸ਼ਬਦ ਦਾ ਅਰਥ ਹੈ "ਪਰਛਾਵਾਂ" ਜਾਂ "ਛਾਂ।" ਪਰਛਾਵੇਂ ਰੇਗਿਸਤਾਨ ਇਲਾਕੇ ਵਿਚ ਤਪਦੇ ਸੂਰਜ ਤੋਂ ਰੱਛਿਆ ਪ੍ਰਦਾਨ ਕਰਦੇ ਸਨ।[3] ਇੱਥੇ ਇਹ ਸ਼ਬਦ ਰੂਪਕ ਤੇ ਤੌਰ ਤੇ ਵਰਤਿਆ ਗਿਆ ਹੈ; ਯਹੋਵਾਹ ਨੇ ਦੁਸ਼ਮਣਾਂ ਦੀ ਰੱਛਿਆ ਨੂੰ ਹਟਾ ਦਿੱਤਾ ਸੀ ਅਤੇ ਉਨ੍ਹਾਂ ਨੂੰ ਆਪਣੀ ਚੁਣੀ ਹੋਈ ਕੌਮ ਦੁਆਰਾ ਜਿੱਤ ਪ੍ਰਾਪਤ ਕਰਨ ਦੇ ਲਈ ਕਮਜ਼ੋਰ ਬਣਾ ਦਿੱਤਾ ਸੀ।

ਯਹੋਸ਼ੁਆ ਅਤੇ ਕਾਲੇਬ ਦਾ ਸੰਦੇਸ਼ ਦੋਹਰਾ ਸੀ। (1) ਪਰਮੇਸ਼ੁਰ ਉਨ੍ਹਾਂ ਦੀ ਵੱਲ ਹੁੰਦਿਆਂ ਹੋਇਆਂ, ਇਸਰਾਏਲ ਉਸ ਧਰਤੀ ਨੂੰ ਆਪਣੇ ਕਬਜ਼ੇ ਵਿਚ ਲੈ ਸਕਦਾ ਸੀ। ਦੋ ਮਨੁੱਖਾਂ ਨੇ ਪਰਜਾ ਨੂੰ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਨਾ ਕਰਨ ਦੀ ਬੇਨਤੀ ਕੀਤੀ ਸੀ ਕਿਉਂਕਿ "ਜਿੱਤ ਪਰਮੇਸ਼ੁਰ ਉੱਤੇ ਨਿਰਭਰ ਕਰਦੀ ਹੈ, ਨਾ ਕਿ ਵਿਰੋਧੀ ਦੀ ਸਮਰੱਥਾ ਉੱਤੇ।"[4] ਲੋਕਾਂ ਦਾ ਆਕਾਰ ਅਤੇ ਗਿਣਤੀ, ਉਨ੍ਹਾਂ ਦੀਆਂ ਕਿਲ੍ਹੇਬੰਦੀਆਂ ਦੀ ਸਮਰੱਥਾ ਅਤੇ ਉਨ੍ਹਾਂ ਦੇ ਹਥਿਆਰਾਂ ਦੀ ਬਣਾਵਟ ਸਭ ਕੁਝ ਅਢੁੱਕਵਾਂ ਸੀ। (2) ਦੇਸ ਵਿਚ ਦਾਖ਼ਲ ਹੋਣ ਤੋਂ ਇਨਕਾਰ ਕਰਨਾ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਕਰਨਾ ਸੀ।

## ਪਰਮੇਸ਼ੁਰ ਦੀ ਧਮਕੀ ਅਤੇ ਮੂਸਾ ਦੀ ਸਿਫ਼ਾਰਸ਼ (14:10-19)

**10ਪਰ ਜਦ ਸਾਰੀ ਮੰਡਲੀ ਨੇ ਆਖਿਆ ਕਿ ਇਨ੍ਹਾਂ ਨੂੰ ਪੱਥਰਾਂ ਨਾਲ ਮਾਰੀਏ ਤਦ ਯਹੋਵਾਹ**
**ਦਾ ਪਰਤਾਪ ਸਾਰੇ ਇਸਰਾਏਲੀਆਂ ਉੱਤੇ ਮੰਡਲੀ ਦੇ ਤੰਬੂ ਵਿੱਚ ਪਰਗਟ ਹੋਇਆ। 11ਤਾਂ ਯਹੋਵਾਹ**
**ਨੇ ਮੂਸਾ ਨੂੰ ਆਖਿਆ ਕਿ ਏਹ ਪਰਜਾ ਕਦ ਤੀਕ ਮੇਰੀ ਨਿਰਾਦਰੀ ਕਰਦੀ ਰਹੇਗੀ? ਅਤੇ ਕਦ**
**ਤੀਕ ਮੇਰੇ ਉੱਤੇ ਉਨ੍ਹਾਂ ਸਾਰਿਆਂ ਨਿਸ਼ਾਨਾਂ ਦੇ ਹੁੰਦਿਆਂ ਹੋਇਆਂ ਵੀ ਜਿਹੜੇ ਮੈਂ ਉਨ੍ਹਾਂ ਵਿੱਚ ਕੀਤੇ**
**ਪਰਤੀਤ ਨਾ ਕਰੇਗੀ? 12ਮੈਂ ਉਨ੍ਹਾਂ ਨੂੰ ਮਰੀ ਨਾਲ ਮਾਰਾਂਗਾ, ਮੈਂ ਉਨ੍ਹਾਂ ਨੂੰ ਵਿਰਸੇ ਤੋਂ ਖਾਰਜ ਕਰਾਂਗਾ,**
**ਅਤੇ ਤੈਨੂੰ ਇੱਕ ਕੌਮ ਉਨ੍ਹਾਂ ਤੋਂ ਵੱਡੀ ਅਤੇ ਬਲਵੰਤ ਬਣਾਵਾਂਗਾ। 13ਪਰ ਮੂਸਾ ਨੇ ਯਹੋਵਾਹ ਨੂੰ**
**ਆਖਿਆ, ਮਿਸਰੀ ਸੁਣਨਗੇ ਕਿਉਂ ਜੋ ਤੂੰ ਏਸ ਪਰਜਾ ਨੂੰ ਆਪਣੇ ਬਲ ਨਾਲ ਉਨ੍ਹਾਂ ਦੇ ਵਿੱਚੋਂ ਕੱਢ**
**ਲਿਆਇਆਂ ਹੈਂ। 14ਅਤੇ ਓਹ ਏਸ ਦੇਸ ਦੇ ਵਸਨੀਕਾਂ ਨੂੰ ਦੱਸਣਗੇ। ਉਨ੍ਹਾਂ ਨੇ ਸੁਣਿਆ ਹੈ ਕਿ ਤੂੰ**
**ਯਹੋਵਾਹ ਉਨ੍ਹਾਂ ਨੂੰ ਆਹਮੋ ਸਾਹਮਣੇ ਵਿਖਾਈ ਦਿੰਦਾ ਹੈਂ ਅਤੇ ਤੇਰਾ ਬੱਦਲ ਉਨ੍ਹਾਂ ਦੇ ਉੱਤੇ ਖੜਾ**
**ਰਹਿੰਦਾ ਹੈ ਅਤੇ ਤੂੰ ਉਨ੍ਹਾਂ ਦੇ ਅੱਗੇ ਅੱਗੇ ਦਿਨ ਨੂੰ ਬੱਦਲ ਦੇ ਥੰਮ੍ਹ ਵਿੱਚ ਚੱਲਦਾ ਹੈਂ। 15ਜੇ ਤੂੰ ਏਸ**
**ਪਰਜਾ ਨੂੰ ਇੱਕ ਮਨੁੱਖ ਵਾਂਙੁ ਮਾਰ ਸੁੱਟੇਂ ਤਾਂ ਕੌਮਾਂ ਜਿਨ੍ਹਾਂ ਨੇ ਤੇਰੀ ਮਸ਼ਹੂਰੀ ਸੁਣੀ ਹੈ ਆਖਣਗੀਆਂ,**
**16ਏਸ ਲਈ ਕਿ ਯਹੋਵਾਹ ਏਸ ਪਰਜਾ ਨੂੰ ਉਸ ਦੇਸ ਵਿੱਚ ਪਹੁੰਚਾ ਨਾ ਸੱਕਿਆ ਜਿਹ ਦੇ ਦੇਣ ਦੀ**
**ਸੌਂਹ ਖਾਧੀ ਸੀ ਤਾਂ ਹੀ ਤਾਂ ਉਸ ਨੇ ਉਨ੍ਹਾਂ ਨੂੰ ਉਜਾੜ ਵਿੱਚ ਬਰਬਾਦ ਕੀਤਾ। 17ਹੁਣ ਪ੍ਰਭੂ ਦਾ**
**ਇਕਬਾਲ ਵੱਡਾ ਹੋਵੇ ਜਿਵੇਂ ਤੂੰ ਬੋਲਿਆ ਹੈਂ 18ਕਿ ਯਹੋਵਾਹ ਕ੍ਰੋਧ ਵਿੱਚ ਧੀਰਜੀ ਅਤੇ ਭਲਿਆਈ**
**ਨਾਲ ਭਰਪੂਰ ਹੈ ਅਤੇ ਕੁਧਰਮ ਅਤੇ ਅਪਰਾਧ ਦਾ ਬਖ਼ਸ਼ਣਹਾਰ ਹੈ ਪਰ ਕੁਧਰਮੀ ਨੂੰ ਐਵੇਂ ਹੀ**
**ਨਹੀਂ ਛੱਡ ਦਿੰਦਾ। ਉਹ ਪੇਵਾਂ ਦੇ ਕੁਧਰਮ ਦਾ ਉਨ੍ਹਾਂ ਦੇ ਪੁੱਤ੍ਰਾਂ ਉੱਤੋਂ ਤੀਜੀ ਚੌਥੀ ਪੀੜ੍ਹੀ ਤੀਕ ਬਦਲਾ**

**ਲੈਣ ਹਾਰਾ ਹੈ। [19]ਆਪਣੀ ਵੱਡੀ ਦਯਾ ਦੇ ਅਨੁਸਾਰ ਜਿਵੇਂ ਤੈਂ ਏਸ ਪਰਜਾ ਨੂੰ ਮਿਸਰ ਤੋਂ ਲੈ ਕੇ ਹੁਣ ਤੀਕ ਬਖ਼ਸ਼ਿਆ ਹੈ ਇਨ੍ਹਾਂ ਦਾ ਕੁਧਰਮ ਮਾਫ਼ ਕਰ ਦੇਹ।**

**ਆਇਤ 10.** ਭੀੜ ਚਿਤਾਵਨੀ ਨਾਲ ਵੀ ਨਹੀਂ ਮੰਨੀ। ਬਲਕਿ, **ਸਾਰੀ ਮੰਡਲੀ ਨੇ** ਯਹੋਸ਼ੁਆ ਅਤੇ ਕਾਲੇਬ ਨੂੰ ਪੱਥਰਾਂ ਨਾਲ ਮਾਰਨ ਦੀ ਧਮਕੀ ਦਿੱਤੀ ਸੀ (ਵੇਖੋ ਕੂਚ 17:4)। ਇਸ ਤੋਂ ਪਹਿਲਾਂ ਕਿ ਲੋਕ ਦੋ ਵਫ਼ਾਦਾਰ ਖੋਜ ਕੱਢਣ ਵਾਲਿਆਂ ਨੂੰ ਪੱਥਰਾਂ ਨਾਲ ਮਾਰ ਸੁੱਟਦੇ, ਪਰਮੇਸ਼ੁਰ ਨੇ ਇਸ ਕਾਰਵਾਈ ਵਿਚ ਰੁਕਾਵਟ ਪਾ ਦਿੱਤੀ ਜਦੋਂ **ਯਹੋਵਾਹ ਦਾ ਪਰਤਾਪ ਸਾਰੇ ਇਸਰਾਏਲੀਆਂ ਉੱਤੇ ਮੰਡਲੀ ਦੇ ਤੰਬੂ ਵਿੱਚ ਪਰਗਟ ਹੋਇਆ**। ਅਸੀਂ ਸਿਰਫ ਉਸ ਵੱਡੀ ਭੀੜ ਦੇ ਚਿਹਰਿਆਂ ਤੇ ਡਰ ਦੀ ਕਲਪਨਾ ਕਰ ਸਕਦੇ ਹਾਂ ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਯਹੋਵਾਹ ਖੁਦ ਇਸ ਵਿਵਾਦ ਵਿਚ ਸ਼ਾਮਲ ਸੀ!

**ਆਇਤਾਂ 11, 12.** ਜਦੋਂ **ਯਹੋਵਾਹ ਨੇ ਮੂਸਾ ਨਾਲ** ਗੱਲ ਕੀਤੀ, ਸ਼ਾਇਦ ਉਸ ਨੇ ਮੂਸਾ ਨੂੰ ਡੇਹਰੇ ਦੇ ਕੋਲ ਬੁਲਾਇਆ ਅਤੇ ਉੱਥੇ ਉਸ ਨਾਲ ਗੱਲ ਕੀਤੀ ਸੀ, ਜਦ ਕਿ ਮੰਡਲੀ ਉਹ ਸੁਣਨ ਦੀ ਉਡੀਕ ਕਰ ਰਹੀ ਸੀ ਜੋ ਪਰਮੇਸ਼ੁਰ ਨੇ ਕਹਿਣਾ ਸੀ। ਪਰਮੇਸ਼ੁਰ ਨੇ ਇਸਰਾਏਲ ਨਾਲ ਆਪਣੀ ਨਰਾਜਗੀ ਵਿਅਕਤ ਕੀਤੀ ਸੀ: **ਏਹ ਪਰਜਾ ਕਦ ਤੀਕ ਮੇਰੀ ਨਿਰਾਦਰੀ ਕਰਦੀ ਰਹੇਗੀ?** ਉਸ ਨੇ **ਉਨ੍ਹਾਂ ਸਾਰਿਆਂ ਨਿਸ਼ਾਨਾਂ ਦੇ ਹੁੰਦਿਆਂ ਵੀ** ਜਿਹੜੇ ਉਸ ਨੇ **ਉਨ੍ਹਾਂ ਵਿੱਚ ਕੀਤੇ ਸਨ ਪਰਤੀਤ ਨਾ ਕਰਨ** ਦੇ ਲਈ ਉਨ੍ਹਾਂ ਦੀ ਨਿੰਦਾ ਕੀਤੀ ਸੀ। ਉਨ੍ਹਾਂ "ਨਿਸ਼ਾਨਾਂ" ਵਿਚ ਮਿਸਰ ਉੱਤੇ ਭੇਜੀਆਂ ਗਈਆਂ ਦਸ ਬਵਾਂ, ਲਾਲ ਸਮੁੰਦਰ ਦੇ ਵਿੱਚੋਂ ਦੀ ਇਸਰਾਏਲੀਆਂ ਦਾ ਛੁਟਕਾਰਾ ਅਤੇ ਉਜਾੜ ਵਿਚ ਪਰਮੇਸ਼ੁਰ ਦੁਆਰਾ ਭੋਜਨ ਅਤੇ ਪਾਣੀ ਦਾ ਚਮਤਕਾਰੀ ਢੰਗ ਨਾਲ ਪ੍ਰਬੰਧ ਕਰਨਾ ਸ਼ਾਮਲ ਸੀ। ਪਰਮੇਸ਼ੁਰ ਨੇ ਕੌਮ ਨੂੰ ਨਾਸ ਕਰਨ ਅਤੇ ਮੂਸਾ ਨੂੰ **ਉਨ੍ਹਾਂ ਤੋਂ ਵੱਡੀ ਅਤੇ ਬਲਵੰਤ ਕੌਮ** ਬਣਾਉਣ ਦੀ ਧਮਕੀ ਦਿੱਤੀ ਸੀ। ਮਿਸਰ ਵਿੱਚੋਂ ਉਨ੍ਹਾਂ ਦੇ ਕੂਚ ਕਰਨ ਤੋਂ ਲੈ ਕੇ ਹੁਣ ਤੱਕ, ਇਹ ਦੂਜੀ ਵਾਰ ਸੀ ਕਿ ਪਰਮੇਸ਼ੁਰ ਨੇ ਮੂਸਾ ਨਾਲ ਦੁਬਾਰਾ ਤੋਂ ਸ਼ੁਰੂਆਤ ਕਰਨ ਦਾ ਸੁਝਾਅ ਦਿੱਤਾ ਸੀ (ਕੂਚ 32:10)। ਜਿੱਥੋਂ ਤੱਕ ਮੂਸਾ ਦੀ ਗੱਲ ਹੈ, ਉਸ ਨੇ ਪਰਮੇਸ਼ੁਰ ਦੀ ਇਸ ਪੇਸ਼ਕਸ਼ ਨੂੰ ਕਬੂਲ ਨਹੀਂ ਕੀਤਾ, ਪਰ ਮੂਸਾ ਨੇ ਪਰਮੇਸ਼ੁਰ ਨੂੰ ਇਸ ਗੱਲ ਦੇ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਉਹ **ਉਨ੍ਹਾਂ ਨੂੰ ਮਰੀ ਨਾਲ ਮਾਰਨ** ਅਤੇ **ਉਨ੍ਹਾਂ ਨੂੰ ਵਿਰਸੇ ਤੋਂ ਖਾਰਜ ਕਰਨ** ਦੀ ਧਮਕੀ ਨਾ ਦੇਵੇ।

**ਆਇਤਾਂ 13, 14.** ਬਾਰੁਕ ਏ. ਲੀਵਾਈਨ ਨੇ ਸਾਨੂੰ ਚੇਤੇ ਕਰਾਇਆ ਹੈ ਕਿ "ਨਬੂਵਤੀ ਆਗੂ ਹੋਣ ਦੇ ਨਾਤੇ, ਮੂਸਾ ਪੂਰੀ ਤਰ੍ਹਾਂ ਇਸਰਾਏਲ ਦੇ ਪ੍ਰਤੀ ਵਫ਼ਾਦਾਰ [ਸੀ] ਅਤੇ ਉਸ ਦੀ ਮੁੱਖ ਕੋਸ਼ਿਸ਼ ਪਰਮੇਸ਼ੁਰ ਨੂੰ ਉਸ ਦੀ ਪਾਪੀ ਪਰਜਾ ਨੂੰ ਮਾਫ਼ ਕਰਨ ਅਤੇ ਉਨ੍ਹਾਂ ਲਈ ਉਸ ਦੀ ਯੋਜਨਾ ਨੂੰ ਪੂਰਾ ਕਰਨ ਦੇ ਲਈ ਮਨਾਉਣਾ ਸੀ।"[5] ਮੂਸਾ ਨੇ ਆਪਣੀ ਪਹਿਲੀ ਅਪੀਲ ਨੂੰ ਉਸ ਤੇ ਅਧਾਰਿਤ ਕੀਤਾ ਜੋ ਕੌਮਾਂ ਪਰਮੇਸ਼ੁਰ ਦੇ ਬਾਰੇ ਸੋਚਣਗੀਆਂ - ਉਸ ਦੀ ਪਰਤਿਸ਼ਠਾ ਤੇ - ਅਤੇ, ਦੂਜੀ, ਪਰਮੇਸ਼ੁਰ ਨੂੰ ਪਰਮੇਸ਼ੁਰ ਦੇ ਕਿਰਪਾਲੂ ਸੁਭਾਅ ਤੇ।

ਮੂਸਾ ਨੇ ਇਹ ਕਹਿਣ ਦੁਆਰਾ ਸ਼ੁਰੂਆਤ ਕੀਤੀ ਕਿ ਜੇਕਰ ਪਰਮੇਸ਼ੁਰ ਆਪਣੀ ਪਰਜਾ ਨੂੰ ਬਰਬਾਦ ਕਰ ਦਿੰਦਾ, ਤਾਂ **ਮਿਸਰੀ ਸੁਣਨਗੇ** ਅਤੇ ਦੂਜੀਆਂ ਕੌਮਾਂ ਨੂੰ ਦੱਸਣਗੇ ਕਿ ਯਹੋਵਾਹ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਵਿਚ ਅਸਮਰੱਥ ਸੀ। **ਦੇਸ ਦੇ ਵਸਨੀਕ** ਜਾਣਦੇ ਸਨ ਕਿ ਪਰਮੇਸ਼ੁਰ ਦਾ ਇਸਰਾਏਲੀਆਂ ਦੇ ਨਾਲ ਬਹੁਤ ਹੀ ਨਜ਼ਦੀਕੀ ਰਿਸ਼ਤਾ ਸੀ; ਉਹ ਇਸ ਗੱਲ ਤੋਂ ਵੀ ਚੰਗੀ ਤਰ੍ਹਾਂ ਜਾਣੂ ਸਨ ਕਿ ਉਹ **ਉਨ੍ਹਾਂ ਦੇ ਅੱਗੇ ਅੱਗੇ ਦਿਨ ਨੂੰ ਬੱਦਲ ਦੇ ਥੰਮ੍ਹ ਵਿੱਚ ਅਤੇ ਰਾਤ ਨੂੰ ਅੱਗ ਦੇ ਥੰਮ੍ਹ ਵਿੱਚ ਚੱਲਦਾ ਸੀ।**

**ਆਇਤਾਂ 15, 16.** ਜੇਕਰ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ **ਮਾਰ ਸੁੱਟਣਾ** ਸੀ, ਪਰਦੇਸੀਆਂ ਨੇ ਇਹ ਮੰਨਣਾ ਸੀ ਕਿ **ਉਹ ਏਸ ਪਰਜਾ ਨੂੰ ਉਸ ਦੇਸ ਵਿੱਚ ਪਹੁੰਚਾ ਨਾ ਸੱਕਿਆ ਜਿਹ ਦੇ ਦੇਣ**

**ਦੀ ਸੌਂਹ ਖਾਧੀ ਸੀ** ਅਤੇ ਇਸ ਤਰ੍ਹਾਂ **ਉਸ ਨੇ ਉਨ੍ਹਾਂ ਨੂੰ ਉਜਾੜ ਵਿੱਚ ਬਰਬਾਦ ਕੀਤਾ।**

**ਆਇਤਾਂ 17-19.** ਮੂਸਾ ਦੀ ਦੂਜੀ ਅਪੀਲ ਇਸ ਤੇ ਅਧਾਰਿਤ ਸੀ ਕਿ ਪਰਮੇਸ਼ੁਰ ਨੇ ਆਪਣੇ ਬਾਰੇ ਕਿਵੇਂ ਇਹ **ਬੋਲਿਆ** ਕਿ ਉਹ **ਕ੍ਰੋਧ ਵਿੱਚ ਧੀਰਜੀ ਅਤੇ ਭਲਿਆਈ ਨਾਲ ਭਰਪੂਰ ਹੈ।** "ਕ੍ਰੋਧ ਵਿੱਚ ਧੀਰਜੀ" ਇਬਰਾਨੀ ਮੁਹਾਵਰੇ (אֶרֶךְ אַפַּיִם, *'ਏਰੇਕ 'ਅੱਪਾਯਿਮ)* ਦਾ ਅਨੁਵਾਦ ਹੈ ਜਿਸ ਦਾ ਸ਼ਾਬਦਿਕ ਅਰਥ "ਕਰੋਧ ਵਿੱਚ ਧੀਰਜੀ" ਹੈ। ਇਹ ਇਸ ਟਿੱਪਣੀ ਤੇ ਅਧਾਰਿਤ ਹੈ ਕਿ ਵਿਅਕਤੀ ਦੀਆਂ ਨਾਸਾਂ ਅਕਸਰ ਉਦੋਂ ਫੁੱਲ ਜਾਂਦੀਆਂ ਹਨ ਜਦੋਂ ਉਹ ਗੁੱਸੇ ਵਿਚ ਆ ਜਾਂਦਾ ਹੈ। ਅਨੁਵਾਦ ਕੀਤਾ ਗਿਆ ਸ਼ਬਦ "ਭਲਿਆਈ" חֶסֶד *(ਚੀਸਡ)* ਹੈ, ਜਿਸ ਨੂੰ "ਨੇਮ ਦਾ ਪ੍ਰੇਮ" ਜਾਂ "ਵਫ਼ਾਦਾਰ ਪ੍ਰੇਮ" ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਆਇਤ 19 ਵਿਚ ਇਸ ਦਾ ਅਨੁਵਾਦ "ਦਯਾ" (NKJV), "ਵੱਡਾ ਅਤੇ ਲਗਾਤਾਰ ਪ੍ਰੇਮ" (REB), "ਦ੍ਰਿੜ੍ਹ ਪ੍ਰੇਮ" (NRSV) ਅਤੇ "ਵੱਡਾ ਪ੍ਰੇਮ" (NIV) ਵਜੋਂ ਕੀਤਾ ਗਿਆ ਹੈ। ਕੂਚ 32 ਵਿਚ ਇਸਰਾਏਲੀਆਂ ਦੇ ਪਾਪ ਤੋਂ ਬਾਅਦ ਮੂਸਾ ਦੀਆਂ ਗੱਲਾਂ ਖੁਦ ਪਰਮੇਸ਼ੁਰ ਦੇ ਪਰਕਾਸ਼ ਨੂੰ ਦੁਹਰਾਉਂਦੀਆਂ ਹਨ (ਕੂਚ 34:6, 7; ਵੇਖੋ ਕੂਚ 20:5, 6)।

**ਕੁਧਰਮ ਅਤੇ ਅਪਰਾਧ ਨੂੰ ਮਾਫ਼ ਕਰਨ** ਦੇ ਪ੍ਰਤੀ ਪਰਮੇਸ਼ੁਰ ਦੀ ਪ੍ਰਵਿਰਤੀ ਨੂੰ ਜਾਣਦੇ ਹੋਏ, ਮੂਸਾ ਨੇ ਉਸ ਦੇ ਅੱਗੇ ਮਿੰਨਤ ਕੀਤੀ, **ਆਪਣੀ ਵੱਡੀ ਦਯਾ ਦੇ ਅਨੁਸਾਰ ਜਿਵੇਂ ਤੈਂ ਏਸ ਪਰਜਾ ਨੂੰ ਮਿਸਰ ਤੋਂ ਲੈ ਕੇ ਹੁਣ ਤੀਕ ਬਖ਼ਸ਼ਿਆ ਹੈ ਇਨ੍ਹਾਂ ਦਾ ਕੁਧਰਮ ਮਾਫ਼ ਕਰ ਦੇਹ।** ਮੂਸਾ ਪਰਤੱਖ ਰੂਪ ਵਿਚ ਲੋਕਾਂ ਨੂੰ ਮਾਫ਼ ਕਰਨ ਦੁਆਰਾ ਪਰਮੇਸ਼ੁਰ ਨੂੰ ਆਪਣੀ ਮਹਾਨਤਾ ਵਿਖਾਉਣ ਲਈ ਆਖ ਰਿਹਾ ਸੀ।

## ਪਰਮੇਸ਼ੁਰ ਦਾ ਫ਼ੈਸਲਾ (14:20-38)

**20ਤਾਂ ਯਹੋਵਾਹ ਨੇ ਆਖਿਆ, ਤੇਰੇ ਆਖਣ ਅਨੁਸਾਰ ਮੈਂ ਉਨ੍ਹਾਂ ਨੂੰ ਮਾਫ਼ ਕੀਤਾ। 21ਪਰ ਮੇਰੀ ਜਿੰਦ ਦੀ ਸੌਂਹ, ਯਹੋਵਾਹ ਦੇ ਪਰਤਾਪ ਨਾਲ ਸਾਰੀ ਪ੍ਰਿਥਵੀ ਭਰਪੂਰ ਹੋਵੇਗੀ। 22ਫੇਰ ਵੀ ਓਹ ਸਾਰੇ ਮਨੁੱਖ ਜਿਨ੍ਹਾਂ ਨੇ ਮੇਰੇ ਪਰਤਾਪ ਨੂੰ ਅਤੇ ਮੇਰੇ ਨਿਸ਼ਾਨਾਂ ਨੂੰ ਜਿਹੜੇ ਮੈਂ ਮਿਸਰ ਵਿੱਚ ਅਤੇ ਉਜਾੜ ਵਿੱਚ ਕੀਤੇ ਮੈਨੂੰ ਹੁਣ ਤੀਕ ਦਸ ਵਾਰ ਪਰਤਾਇਆ ਅਤੇ ਮੇਰੀ ਅਵਾਜ਼ ਨਹੀਂ ਸੁਣੀ। 23ਓਹ ਉੱਕਾ ਹੀ ਉਸ ਧਰਤੀ ਨੂੰ ਨਾ ਵੇਖਣਗੇ ਜਿਹ ਦੀ ਮੈਂ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਸੌਂਹ ਖਾਧੀ ਸੀ ਅਤੇ ਨਾ ਹੀ ਓਹ ਸਾਰੇ ਜਿਨ੍ਹਾਂ ਮੇਰੀ ਹਾਨੀ ਕੀਤੀ ਉਹ ਨੂੰ ਵੇਖਣਗੇ। 24ਪਰ ਮੇਰਾ ਸੇਵਕ ਕਾਲੇਬ ਅਤੇ ਉਸ ਦੀ ਅੰਸ ਏਸ ਉੱਤੇ ਕਬਜ਼ਾ ਕਰੇਗੀ ਏਸ ਲਈ ਕਿ ਉਹ ਦੇ ਵਿੱਚ ਹੋਰ ਮਜਾਜ ਹੈ ਅਤੇ ਉਹ ਪੂਰੀ ਤਰਾਂ ਮੇਰੇ ਪਿੱਛੇ ਚੱਲਿਆ ਹੈ, ਮੈਂ ਉਸ ਨੂੰ ਹੀ ਏਸ ਧਰਤੀ ਵਿੱਚ ਜਿਹ ਦੇ ਵਿੱਚ ਉਹ ਗਿਆ ਸੀ ਲਿਆਵਾਂਗਾ। 25ਅਤੇ ਅਮਾਲੇਕੀ ਅਰ ਕਨਾਨੀ ਦੂਣ ਵਿੱਚ ਵੱਸਦੇ ਹਨ। ਕੱਲ ਨੂੰ ਮੁੜੋ ਅਤੇ ਲਾਲ ਸਮੁੰਦਰ ਦੇ ਰਾਹ ਥਾਣੀ ਉਜਾੜ ਨੂੰ ਕੂਚ ਕਰੋ। 26ਫੇਰ ਯਹੋਵਾਹ ਮੂਸਾ ਅਤੇ ਹਾਰੂਨ ਨੂੰ ਬੋਲਿਆ, 27ਕਦ ਤੀਕ ਮੈਂ ਏਸ ਦੁਸ਼ਟ ਮੰਡਲੀ ਨੂੰ ਝੱਲਾਂ ਜਿਹੜੀ ਮੇਰੇ ਵਿਰੁੱਧ ਬੁੜ ਬੁੜਾਉਂਦੀ ਹੈ? ਇਸਰਾਏਲੀਆਂ ਦੀ ਏਸ ਬੁੜ ਬੁੜਾਹਟ ਨੂੰ ਜਿਹੜੀ ਓਹ ਮੇਰੇ ਵਿਰੁੱਧ ਬੁੜ ਬੁੜ ਕਰਦੇ ਹਨ ਮੈਂ ਸੁਣਿਆ ਹੈ। 28ਉਨ੍ਹਾਂ ਨੂੰ ਆਖੋ ਕਿ ਮੈਨੂੰ ਜਾਨ ਦੀ ਸੌਂਹ, ਯਹੋਵਾਹ ਦਾ ਵਾਕ ਹੈ, ਸੱਚ ਮੁੱਚ ਜਿਵੇਂ ਤੁਸੀਂ ਮੇਰੇ ਸੁਣਨ ਵਿੱਚ ਆਖਿਆ ਸੀ ਤਿਵੇਂ ਹੀ ਮੈਂ ਤੁਹਾਡੇ ਨਾਲ ਕਰਾਂਗਾ। 29ਏਸੇ ਉਜਾੜ ਵਿੱਚ ਤੁਹਾਡੀਆਂ ਲੋਥਾਂ ਡਿੱਗਣਗੀਆਂ ਅਤੇ ਤੁਹਾਡੇ ਸਾਰੇ ਗਿਣੇ ਹੋਏ ਤੁਹਾਡੇ ਕੁੱਲ ਲੇਖੇ ਅਨੁਸਾਰ ਵੀਹ ਵਰਿਹਾਂ ਦੇ ਅਤੇ ਉਸ ਦੇ ਉੱਪਰ ਦੇ ਜੋ ਮੇਰੇ ਵਿਰੁੱਧ ਬੁੜ ਬੁੜਾਏ। 30ਤੁਸੀਂ ਉੱਕਾ ਹੀ ਏਸ ਦੇਸ ਵਿੱਚ ਨਾ ਵੜੋਗੇ ਜਿਹ ਦੀ ਮੈਂ ਸੌਂਹ ਖਾਧੀ ਸੀ ਭਈ ਮੈਂ ਤੁਹਾਨੂੰ ਉਸ ਵਿੱਚ ਵਸਾਵਾਂਗਾ, ਯਫ਼ੁੰਨਹ ਦੇ ਪੁੱਤ੍ਰ ਕਾਲੇਬ ਅਤੇ ਨੂਨ ਦੇ ਪੁੱਤ੍ਰ ਯਹੋਸ਼ੁਆ ਤੋਂ ਛੁੱਟ, 31ਪਰ ਤੁਹਾਡੇ ਨਿਆਣੇ ਜਿਨ੍ਹਾਂ ਵਿਖੇ ਤੁਸਾਂ ਆਖਿਆ**

**ਸੀ ਕਿ ਓਹ ਲੁੱਟ ਦਾ ਮਾਲ ਹੋਣਗੇ ਉਨ੍ਹਾਂ ਨੂੰ ਮੈਂ ਅੰਦਰ ਲਿਆਵਾਂਗਾ ਅਤੇ ਓਹ ਏਸ ਧਰਤੀ ਨੂੰ ਸਿਆਨਣਗੇ ਜਿਹ ਨੂੰ ਤੁਸਾਂ ਰੱਦਿਆ ਹੈ। [32]ਪਰ ਤੁਹਾਡੀਆਂ ਲੋਥਾਂ ਏਸ ਉਜਾੜ ਵਿੱਚ ਡਿੱਗ ਪੈਣਗੀਆਂ, ਏਹ ਤੁਹਾਡੇ ਲਈ ਹੈ! [33]ਤੁਹਾਡੇ ਪੁੱਤ੍ਰ ਉਜਾੜ ਵਿੱਚ ਚਾਲੀਆਂ ਵਰਿਹਾਂ ਤੀਕ ਅਯਾਲੀ ਹੋਣਗੇ ਅਤੇ ਤੁਹਾਡੇ ਛਨਾਲੇ ਦੀ ਸਜ਼ਾ ਚੁੱਕਣਗੇ ਜਦ ਤੀਕ ਤੁਹਾਡੀਆਂ ਲੋਥਾਂ ਉਜਾੜ ਵਿੱਚ ਗਲ ਸਾੜ ਨਾ ਜਾਣ। [34]ਉਨ੍ਹਾਂ ਦਿਨਾਂ ਦੀ ਗਿਣਤੀ ਅਨੁਸਾਰ ਜਦ ਤੁਸੀਂ ਏਸ ਧਰਤੀ ਦਾ ਖੋਜ ਕੱਢਿਆ ਚਾਲੀ ਦਿਨ ਅਰਥਾਤ ਇੱਕ ਦਿਨ ਇੱਕ ਵਰਹੇ ਜਿਹਾ ਤੁਸੀਂ ਆਪਣੀ ਬੁਰਿਆਈ ਨੂੰ ਚਾਲੀ ਵਰਿਹਾਂ ਤੀਕ ਚੁੱਕੋਗੇ ਜਦ ਤੁਸੀਂ ਮੈਨੂੰ ਤਿਆਗਣਾ ਜਾਣੋਗੇ! [35]ਮੈਂ ਯਹੋਵਾਹ ਬੋਲ ਚੁੱਕਾ ਹਾਂ। ਮੈਂ ਜਰੂਰ ਏਹ ਏਸ ਸਾਰੀ ਦੁਸ਼ਟ ਮੰਡਲੀ ਨਾਲ ਕਰਾਂਗਾ ਜਿਹੜੀ ਮੇਰੇ ਵਿਰੁੱਧ ਇਕੱਠੀ ਹੋਈ ਹੈ। ਓਹ ਏਸ ਉਜਾੜ ਵਿੱਚ ਗਲ ਸੜ ਜਾਣਗੇ ਅਤੇ ਐੱਥੇ ਹੀ ਓਹ ਮਰ ਜਾਣਗੇ। [36]ਫੇਰ ਓਹ ਮਨੁੱਖ ਜਿਨ੍ਹਾਂ ਨੂੰ ਮੂਸਾ ਨੇ ਧਰਤੀ ਦਾ ਖੋਜ ਕੱਢਣ ਲਈ ਘੱਲਿਆ ਸੀ ਅਤੇ ਜਿਹੜੇ ਮੁੜ ਕੇ ਉਸ ਧਰਤੀ ਦੀ ਅਜੇਹੀ ਬੁਰੀ ਖਬਰ ਲਿਆਏ ਕਿ ਸਾਰੀ ਮੰਡਲੀ ਉਸ ਦੇ ਵਿਰੁੱਧ ਬੁੜ ਬੁੜਾਉਣ ਲੱਗ ਪਈ, [37]ਓਹ ਮਨੁੱਖ ਜਿਹੜੇ ਧਰਤੀ ਦੀ ਬੁਰੀ ਖਬਰ ਲਿਆਏ ਯਹੋਵਾਹ ਦੇ ਅੱਗੇ ਬਵਾ ਨਾਲ ਮਰ ਗਏ। [38]ਪਰ ਨੂਨ ਦਾ ਪੁੱਤ੍ਰ ਯਹੋਸ਼ੁਆ ਅਤੇ ਯਫ਼ੁੰਨਹ ਦਾ ਪੁੱਤ੍ਰ ਕਾਲੇਬ ਉਨ੍ਹਾਂ ਮਨੁੱਖਾਂ ਵਿੱਚੋਂ ਜਿਹੜੇ ਧਰਤੀ ਦਾ ਖੋਜ ਕੱਢਣ ਨੂੰ ਗਏ ਸਨ ਜੀਉਂਦੇ ਬਚ ਰਹੇ।**

ਪਰਮੇਸ਼ੁਰ ਨੇ ਤਿੰਨ ਕਿਸ਼ਤਾਂ ਵਿਚ ਆਪਣਾ ਫ਼ੈਸਲਾ ਸੁਣਾਇਆ। ਪਹਿਲੀਆਂ ਦੋ ਕਿਸ਼ਤਾਂ ਇਸਰਾਏਲ ਦੇ ਮੁਖੀਆਂ ਦੇ ਲਈ ਸੰਦੇਸ਼ ਸਨ; ਤੀਜੀ ਕਿਸ਼ਤ ਉਨ੍ਹਾਂ ਲੋਕਾਂ ਦੇ ਪ੍ਰਤੀ ਪਰਮੇਸ਼ੁਰ ਦੇ ਕ੍ਰੋਧ ਦਾ ਇਜ਼ਹਾਰ ਸੀ ਜਿਹੜੇ ਦੋਸ਼ੀ ਸਨ।

**ਆਇਤ 20.** ਆਪਣੇ ਐਲਾਨ ਦੇ ਪਹਿਲੇ ਭਾਗ ਵਿਚ, ਪਰਮੇਸ਼ੁਰ ਨੇ ਮੂਸਾ ਨਾਲ ਗੱਲ ਕੀਤੀ। ਪਰਮੇਸ਼ੁਰ ਖੁਸ਼ੀ-ਖੁਸ਼ੀ ਮੂਸਾ ਦੀ ਬੇਨਤੀ ਨਾਲ ਸਹਿਮਤ ਹੋ ਗਿਆ: **ਤੇਰੇ ਆਖਣ ਅਨੁਸਾਰ ਮੈਂ ਉਨ੍ਹਾਂ ਨੂੰ ਮਾਫ਼ ਕੀਤਾ।** ਪਰਮੇਸ਼ੁਰ ਦਾ ਕੌਮ ਨੂੰ ਮਾਫ਼ ਕਰਨਾ ਉਸ ਦੇ ਕਿਰਪਾਲੂ, ਦਿਆਲੂ ਸੁਭਾਅ ਨੂੰ ਵਿਖਾਉਂਦਾ ਹੈ। ਇਹ ਪਰਮੇਸ਼ੁਰ ਨਾਲ ਮੂਸਾ ਦੇ ਰਿਸ਼ਤੇ ਦੀ ਨੇੜਤਾ ਨੂੰ ਵੀ ਵਿਖਾਉਂਦਾ ਹੈ, ਉਸ ਵਿਚ ਪਰਮੇਸ਼ੁਰ ਉਸ ਦੇ ਵਫ਼ਾਦਾਰ ਦਾਸ ਦੁਆਰਾ ਮੰਨਣ ਦੇ ਲਈ ਤਿਆਰ ਸੀ। ਇਹ ਘਟਨਾ ਸਿਫ਼ਾਰਸ਼ੀ ਪ੍ਰਾਰਥਨਾ ਦੀ ਸਮਰੱਥਾ ਦੀ ਮਿਸਾਲ ਦਿੰਦੀ ਹੈ।

ਪਰਮੇਸ਼ੁਰ ਕਿਵੇਂ ਲੋਕਾਂ ਨੂੰ "ਮਾਫ਼" ਕਰ ਸਕਦਾ ਸੀ ਅਤੇ ਫਿਰ ਉਨ੍ਹਾਂ ਨੂੰ ਉਜਾੜ ਵਿਚ ਮਰਨ ਦੇ ਲਈ ਦੋਸ਼ੀ ਠਹਿਰਾ ਸਕਦਾ ਸੀ? ਪਰਮੇਸ਼ੁਰ ਦੇ ਮਾਫ਼ ਕਰਨ ਦਾ ਅਰਥ ਸੀ ਕਿ ਪਰਮੇਸ਼ੁਰ ਨੇ ਉਹ ਨਹੀਂ ਸੀ ਕਰਨਾ ਜੋ ਉਸ ਨੇ ਕਰਨ ਦੀ ਧਮਕੀ ਦਿੱਤੀ ਸੀ - "ਉਨ੍ਹਾਂ ਨੂੰ ਮਰੀ ਨਾਲ ਮਾਰਨਾ" ਅਤੇ "ਉਨ੍ਹਾਂ ਨੂੰ ਵਿਰਸੇ ਤੋਂ ਖਾਰਜ ਕਰਨਾ" (14:12)। ਦੂਜੇ ਸ਼ਬਦਾਂ ਵਿਚ, ਉਸ ਨੇ ਕੌਮ ਨੂੰ ਪੂਰੀ ਤਰ੍ਹਾਂ ਨਾਸ ਨਹੀਂ ਸੀ ਕਰਨਾ। ਸੇਕਨਫੈਲਡ ਇਹ ਵਿਚਾਰ ਵਿਅਕਤ ਕੀਤਾ ਸੀ:

> ... ਇੱਥੇ ਪਰਮੇਸ਼ੁਰ ਦੀ ਮਾਫ਼ੀ ਦਾ ਵਿਸ਼ਾ *ਪਰਜਾ* ਦੀ ਬਰਬਾਦੀ ਨਹੀਂ ਹੈ, ਬਲਕਿ ਪਰਮੇਸ਼ੁਰ ਦੇ ਸਮਾਜ ਦੇ ਰੂਪ ਵਿਚ *ਸਮਾਜ* ਦੇ ਪ੍ਰਤੀ ਪਰਮੇਸ਼ੁਰ ਦੇ ਰਿਸ਼ਤੇ ਦੀ ਨਿਰੰਤਰਤਾ ਹੈ। ਇਹ *ਹੀਸਡ* [ਭਲਿਆਈ] ਅਧਾਰਿਤ ਫ਼ੈਸਲਾ ਹੈ ਮੂਸਾ ਜਾਂ ਕਿਸੇ ਹੋਰ ਵਿੱਚੋਂ ਇਕ ਨਵੀਂ ਕੌਮ ਉਤਪੰਨ ਕਰਨ ਦੇ ਲਈ ਨਹੀਂ ਅਤੇ ਨਾ ਹੀ ਇਸ ਸਮਾਜ ਦੀ ਬੇਵਫ਼ਾਈ ਦੇ ਕਾਰਨ ਇਸ ਨੂੰ ਵਿਰਸੇ ਤੋਂ ਖਾਰਜ ਕਰਨ ਦੇ ਲਈ।[6]

ਬਲਕਿ, ਉਸ ਨੇ ਉਸ ਨਿਹਚਾ ਰਹਿਤ ਪੀੜ੍ਹੀ ਨੂੰ ਬਰਬਾਦ ਕਰਨ ਦੁਆਰਾ ਪਰਜਾ ਨੂੰ ਸਜ਼ਾ ਦਿੱਤੀ ਪਰ ਉਨ੍ਹਾਂ ਦੇ ਬੱਚਿਆਂ ਨੂੰ ਬਚਾ ਲਿਆ ਅਤੇ ਉਨ੍ਹਾਂ ਨੂੰ ਵਾਅਦੇ ਦੇ ਦੇਸ ਵਿਚ ਲੈ ਕੇ ਆਇਆ।

**ਆਇਤਾਂ 21-23.** ਇਹ ਕਹਿਣ ਤੋਂ ਬਾਅਦ ਕਿ **ਯਹੋਵਾਹ ਦੇ ਪਰਤਾਪ ਨਾਲ ਸਾਰੀ ਪ੍ਰਿਥਵੀ**

**ਭਰਪੂਰ ਹੋਵੇਗੀ**, ਪਰਮੇਸ਼ੁਰ ਨੇ ਆਪਣਾ ਫ਼ੈਸਲਾ ਸੁਣਾਇਆ: **ਓਹ ਉੱਕਾ ਹੀ ਉਸ ਧਰਤੀ ਨੂੰ ਨਾ ਵੇਖਣਗੇ ਜਿਹ ਦੀ ਮੈਂ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਸੌਂਹ ਖਾਧੀ ਸੀ ਅਤੇ ਨਾ ਹੀ ਓਹ ਸਾਰੇ ਜਿਨ੍ਹਾਂ ਮੇਰੀ ਹਾਨੀ ਕੀਤੀ ਉਹ ਨੂੰ ਵੇਖਣਗੇ।** ਇਨ੍ਹਾਂ ਨੇ ਉਸ ਨੂੰ **ਦਸ ਵਾਰ ਪਰਤਾਇਆ ਅਤੇ** [ਉਸ ਦੀ] **ਅਵਾਜ਼ ਨਹੀਂ ਸੁਣੀ**। ਜੌਰਜ ਬੁਚਨਨ ਗਰੇਅ ਨੇ ਆਖਿਆ ਕਿ "ਦਸ ਵਾਰ" ਸ਼ਬਦਾਵਲੀ ਨੂੰ ਇਸ ਤਰੀਕੇ ਨਾਲ ਵਰਤਿਆ ਗਿਆ ਹੈ ਜਿਵੇਂ ਕਿ ਅਸੀਂ "ਇਕ ਦਰਜਨ ਵਾਰ" ਜਾਂ "ਬਾਰ-ਬਾਰ" ਕਹਿੰਦੇ ਹਾਂ, ਹਾਲਾਂਕਿ ਉਸ ਨੇ ਟਿੱਪਣੀ ਕੀਤੀ ਸੀ ਕਿ ਤਾਲਮੁਡ ਇਸ ਸ਼ਬਦਾਵਲੀ ਨੂੰ ਸ਼ਾਬਦਿਕ ਤੌਰ ਤੇ ਲੈਂਦਾ ਹੈ ਅਤੇ ਦਸ ਪਾਪਾਂ ਦੀ ਸੂਚੀ ਦਿੰਦਾ ਹੈ।[7]

**ਆਇਤ 24. ਕਾਲੇਬ** ਇਸ ਸਜ਼ਾ ਤੋਂ ਬਚਿਆ ਰਿਹਾ: ਉਹ ਅਤੇ **ਉਸ ਦੀ ਅੰਸ ਏਸ ਉੱਤੇ ਕਬਜ਼ਾ ਕਰੇਗੀ** ਕਿਉਂਕਿ ਪਰਮੇਸ਼ੁਰ ਨੇ ਉਹ ਦੇ ਵਿਚ **ਹੋਰ ਮਜਾਜ** ਵੇਖਿਆ ਸੀ। ਕਾਲੇਬ **ਪੂਰੀ ਤਰਾਂ** [ਉਹ ਦੇ] **ਪਿੱਛੇ ਚੱਲਿਆ**।[8]

**ਆਇਤ 25.** ਅੰਤ ਵਿਚ, ਪਰਮੇਸ਼ੁਰ ਨੇ ਆਖਿਆ ਕਿ ਅਗਲੇ ਦਿਨ ਪਰਜਾ ਨੇ **ਲਾਲ ਸਮੁੰਦਰ ਦੇ ਰਾਹ ਥਾਣੀ ਉਜਾੜ ਨੂੰ ਕੂਚ ਕਰਨਾ** ਸੀ। ਇਸ ਆਇਤ ਦੇ ਪਹਿਲੇ ਭਾਗ ਨੂੰ ਵੱਖੋ ਵੱਖਰੇ ਤਰੀਕਿਆਂ ਨਾਲ ਸਮਝਿਆ ਗਿਆ ਹੈ। NASB ਬਾਈਬਲ ਵਿਚ, **ਅਮਾਲੇਕੀ ਅਰ ਕਨਾਨੀ ਦੂਣ ਵਿੱਚ ਵੱਸਦੇ ਹਨ** ਵਾਕ ਸੁਤੰਤਰ ਹੈ; ਇਸ ਤੋਂ ਪਹਿਲਾਂ ਜੋ ਜਾਂਦਾ ਹੈ ਅਤੇ ਇਸ ਤੋਂ ਬਾਅਦ ਜੋ ਆਉਂਦਾ ਹੈ ਦਾ ਸੰਬੰਧ ਅਸਪੱਸ਼ਟ ਹੈ। NIV ਬਾਈਬਲ ਵਾਕ ਤੋਂ ਪਹਿਲਾਂ "ਕਿਉਂਕਿ" ਸ਼ਬਦ ਦੀ ਵਰਤੋਂ ਕਰਦੀ ਹੈ ਜੋ ਇਹ ਸੁਝਾਅ ਦਿੰਦਾ ਹੈ ਕਿ ਦੇਸ ਦੇ ਹਮਲਾ ਕਰਨ ਦੀ ਸਮਝੀ ਗਈ ਮੁਸ਼ਕਲ ਦੇ ਕਾਰਣ - ਜਿਵੇਂ ਕਿ ਅਮਾਲੇਕੀਆਂ ਅਤੇ ਕਨਾਨੀਆਂ ਦੁਆਰਾ ਦਰਸਾਇਆ ਗਿਆ ਸੀ - ਇਸਰਾਏਲੀਆਂ ਨੂੰ ਉਜਾੜ ਵਿਚ ਵਾਪਸ ਮੁੜਨਾ ਪਿਆ ਸੀ। ਏ. ਨੂਰਡਟਜ਼ਿਜ ਨੇ ਸੁਝਾਅ ਦਿੱਤਾ ਸੀ ਕਿ ਵਾਕ ਨੂੰ ਉਸ ਨਾਲ ਜੋੜਿਆ ਜਾਣਾ ਚਾਹੀਦਾ ਹੈ ਜੋ ਇਸ ਤੋਂ ਪਹਿਲਾਂ ਆਉਂਦਾ ਹੈ ਅਤੇ ਮੂਲ ਲਿਖਤ ਨੂੰ ਇਸ ਪ੍ਰਕਾਰ ਸਮਝਿਆ ਜਾਣਾ ਚਾਹੀਦਾ ਹੈ: "ਮੇਰਾ ਦਾਸ ਕਾਲੇਬ … ਮੈਂ ਉਸ ਨੂੰ ਉਸ ਦੇਸ ਵਿਚ ਲੈ ਕੇ ਆਵਾਂਗਾ ਜਿੱਥੇ ਉਹ ਦਾਖ਼ਲ ਹੋਇਆ ਸੀ ਅਤੇ ਉਸ ਦੀ ਅੰਸ ਏਸ ਉੱਤੇ ਕਬਜ਼ਾ ਕਰੇਗੀ 'ਹਾਲਾਂਕਿ ਅਮਾਲੇਕੀ ਅਰ ਕਨਾਨੀ ਦੂਣ ਵਿਚ ਵੱਸਦੇ ਹਨ।'"[9]

"ਲਾਲ ਸਮੁੰਦਰ ਦੇ ਰਾਹ ਥਾਣੀ" "ਅਕਾਬਾਹ ਦੀ ਖਾੜੀ ਦੀ ਦਿਸ਼ਾ" ਦਾ ਹਵਾਲਾ ਦਿੰਦਾ ਹੈ (TEV)। "ਰਾਹ" (דֶּרֶךְ, *ਡੇਰੇਕ)* ਲਈ ਜਿਹੜਾ ਸ਼ਬਦ ਵਰਤਿਆ ਗਿਆ ਉਸ ਨੂੰ ਉਸ "ਮਾਰਗ" ਦੇ ਰੂਪ ਵਿਚ ਸਮਝਿਆ ਜਾ ਸਕਦਾ ਸੀ ਜਿਹੜਾ ਉੱਥੋਂ ਤੱਕ ਲੈ ਕੇ ਜਾਂਦਾ ਸੀ।[10]

**ਆਇਤ 26.** ਆਪਣੇ ਫ਼ੈਸਲੇ ਦੀ ਦੂਜੀ ਕਿਸ਼ਤ ਵਿਚ, ਪਰਮੇਸ਼ੁਰ **ਮੂਸਾ ਅਤੇ ਹਾਰੂਨ** ਦੋਹਾਂ ਨਾਲ **ਬੋਲਿਆ**, ਉਸ ਦੇ ਬਾਰੇ ਵਿਸਤਾਰ ਨਾਲ ਦੱਸਦਿਆਂ ਜੋ ਉਸ ਨੇ ਪਹਿਲਾਂ ਆਖਿਆ ਸੀ। ਮੂਲ ਲਿਖਤ ਦੋ ਵਾਰ ਕੌਮ ਨੂੰ ਬਰਬਾਦ ਕਰਨ ਨੂੰ ਸੰਬੋਧਿਤ ਕਰਦੀ ਹੈ। ਪਹਿਲਾਂ ਪਰਮੇਸ਼ੁਰ ਨੇ ਸਿਰਫ ਕਾਲੇਬ ਨੂੰ ਬਚਾਉਣ ਦੀ ਗੱਲ ਕੀਤੀ ਸੀ (14:24), ਪਰ ਫਿਰ ਉਸ ਨੇ ਆਖਿਆ ਕਿ "ਯਫ਼ੁੰਨਹ ਦਾ ਪੁੱਤ੍ਰ ਕਾਲੇਬ ਅਤੇ ਨੂਨ ਦਾ ਪੁੱਤ੍ਰ ਯਹੋਸ਼ੁਆ" ਦੋਵੇਂ ਬਚਾਏ ਜਾਣਗੇ (14:30)। ਇਸ ਤੋਂ ਇਹ ਵਿਚਾਰ ਉਤਪੰਨ ਹੋਇਆ ਹੈ ਕਿ ਇਹ ਬੰਦ ਦੋ ਵੱਖ-ਵੱਖ ਸ੍ਰੋਤਾਂ ਵਿੱਚੋਂ ਨਿੱਕਲਿਆ ਹੈ।[11]

ਪਰ, ਜੇਕਰ ਅਸੀਂ ਇਹ ਟਿੱਪਣੀ ਕਰੀਏ ਕਿ ਪਹਿਲਾ ਸੰਦੇਸ਼ ਮੂਸਾ ਨੂੰ ਬੋਲਿਆ ਗਿਆ ਸੀ ਅਤੇ ਦੂਜਾ ਮੂਸਾ ਅਤੇ ਹਾਰੂਨ ਨੂੰ ਅਤੇ ਫਿਰ ਮੂਸਾ ਨੇ ਪਰਮੇਸ਼ੁਰ ਦੇ ਸੰਦੇਸ਼ ਨੂੰ ਪਰਜਾ ਦੇ ਅੱਗੇ ਦੁਹਰਾਇਆ ਸੀ (14:39), ਅਸੀਂ ਇਕ ਅਜਿਹੀ ਸਥਿਤੀ ਦੀ ਕਲਪਨਾ ਕਰ ਸਕਦੇ ਹਾਂ ਜਿਸ ਵਿਚ ਪਰਮੇਸ਼ੁਰ ਡੇਹਰੇ ਵਿਚ ਮੂਸਾ ਨਾਲ ਬੋਲਿਆ ਸੀ ਅਤੇ ਆਪਣਾ ਸੰਦੇਸ਼ ਵਿਸਤਾਰ ਨਾਲ ਦੱਸਿਆ ਸੀ ਜਦੋਂ ਹਾਰੂਨ (ਸ਼ਾਇਦ ਯਹੋਵਾਹ ਦੇ ਸੱਦੇ ਤੇ) ਮੂਸਾ ਨਾਲ ਸ਼ਾਮਲ ਹੋਇਆ ਸੀ। ਉਸ ਤੋਂ ਬਾਅਦ, ਮੂਸਾ (ਅਤੇ ਹਾਰੂਨ) ਨੇ ਪਰਮੇਸ਼ੁਰ ਦੇ ਸੰਦੇਸ਼ ਨੂੰ ਪਰਜਾ ਦੇ ਅੱਗੇ ਦੁਹਰਾਇਆ ਸੀ।

ਇਸ ਤੋਂ ਇਲਾਵਾ, ਇਹ ਸੰਭਵ ਹੈ ਕਿ ਕਾਲੇਬ ਨੂੰ ਵਿਸ਼ੇਸ਼ ਧਿਆਨ ਅਤੇ ਇਕ ਵਿਸ਼ੇਸ਼ ਬਰਕਤ ਮਿਲੀ ਸੀ ਕਿਉਂਕਿ ਉਹ ਪਹਿਲਾ ਵਿਅਕਤੀ ਸੀ ਜਿਹੜਾ ਪਰਮੇਸ਼ੁਰ ਦੀ ਖ਼ਾਤਰ ਬੋਲਿਆ ਸੀ (ਜਾਂ ਉਹ ਦੋ ਵਫ਼ਾਦਾਰ ਖੋਜ ਕੱਢਣ ਵਾਲਿਆਂ ਦੇ ਲਈ ਮੁੱਖ ਬੁਲਾਰਾ ਸੀ) ਜਦੋਂ ਖੋਜ ਕੱਢਣ ਵਾਲੇ ਪਰਤ ਕੇ ਆਏ ਸਨ। ਬਾਅਦ ਵਿਚ ਯਹੋਸ਼ੁਆ ਨੂੰ ਮੂਸਾ ਦਾ ਉੱਤਰਾਧਿਕਾਰੀ ਘੋਸ਼ਿਤ ਕਰਕੇ ਪਰਮੇਸ਼ੁਰ ਦੁਆਰਾ ਬਰਕਤ ਦਿੱਤੀ ਗਈ ਸੀ। ਕਿਉਂਕਿ ਪੁਰਾਤਨ ਸਾਹਿਤ ਵਿਚ ਵੀ ਬਾਰ-ਬਾਰ ਇਸ ਨੂੰ ਦੁਹਰਾਇਆ ਗਿਆ ਹੈ, ਇਹ ਮੰਨਣਾ ਉਚਿਤ ਹੈ ਕਿ ਇਹੋ ਇੱਕੋ-ਇਕ ਮੂਲ ਲਿਖਤ ਹੈ ਜੋ ਇੱਕੋ ਵਿਅਕਤੀ ਦੁਆਰਾ ਲਿਖੀ ਗਈ ਸੀ।

**ਆਇਤ 27.** ਪਰਮੇਸ਼ੁਰ ਨੇ ਇਸਰਾਏਲ ਦੀ ਸਜ਼ਾ ਦਾ ਕਾਰਣ ਵਿਸਤਾਰ ਨਾਲ ਦੱਸਿਆ। ਲੋਕ ਪਰਮੇਸ਼ੁਰ ਦੇ ਵਿਰੁੱਧ ਉਨ੍ਹਾਂ ਦੀ **ਬੁੜ ਬੁੜਾਹਟ** ਅਤੇ **ਬੁੜ ਬੁੜ** ਦੇ ਕਾਰਣ ਬਰਬਾਦ ਹੋ ਜਾਣਗੇ।

**ਆਇਤਾਂ 28-30.** ਇਸ ਸਮੇਂ, ਪਰਮੇਸ਼ੁਰ ਨੇ ਇਸਰਾਏਲ ਦੀ ਸਜ਼ਾ ਦੇ ਸੁਭਾਅ ਬਾਰੇ ਵਿਸਤਾਰ ਨਾਲ ਦੱਸਿਆ। ਉਸ ਨੇ ਮੂਸਾ ਦੇ ਰਾਹੀਂ ਐਲਾਨ ਕੀਤਾ, **ਮੈਨੂੰ ਜਾਨ ਦੀ ਸੌਂਹ ... ਜਿਵੇਂ ਤੁਸੀਂ ਮੇਰੇ ਸੁਣਨ ਵਿੱਚ ਆਖਿਆ ਸੀ ਤਿਵੇਂ ਹੀ ਮੈਂ ਤੁਹਾਡੇ ਨਾਲ ਕਰਾਂਗਾ; ਏਸੇ ਉਜਾੜ ਵਿੱਚ ਤੁਹਾਡੀਆਂ ਲੋਥਾਂ ਡਿੱਗਣਗੀਆਂ।** "ਮੈਨੂੰ ਜਾਨ ਦੀ ਸੌਂਹ" ਸੌਂਹ ਚੁੱਕਣ ਦਾ ਫਾਰਮੂਲਾ ਹੈ, ਜੋ ਕਿ ਆਇਤ 21 ਵਿੱਚੋਂ ਦੁਹਰਾਇਆ ਜਾ ਰਿਹਾ ਹੈ। ਸੱਚਮੁੱਚ ਜਿਵੇਂ **ਯਹੋਵਾਹ** ਜੀਉਂਦਾ ਹੈ, ਉਸ ਦੀਆਂ ਗੱਲਾਂ ਸੱਚ ਹੋਣਗੀਆਂ। ਇਸਰਾਏਲੀਆਂ ਨੇ ਆਖਿਆ ਸੀ ਕਿ ਪਰਮੇਸ਼ੁਰ ਉਨ੍ਹਾਂ ਨੂੰ ਉਜਾੜ ਵਿਚ ਮਾਰਨ ਦੇ ਲਈ ਲੈ ਕੇ ਆਇਆ ਸੀ; ਤਾਂ ਵੀ, ਉਹ ਉਜਾੜ ਵਿਚ ਮਰਨਗੇ। ਉਹ ਸਭ ਦੇ ਸਭ **ਵੀਹ ਵਰਿਹਾਂ ਦੇ ਅਤੇ ਉਸ ਦੇ ਉੱਪਰ ਦੇ** ਜਿਹੜੇ ਪਰਮੇਸ਼ੁਰ ਦੇ **ਵਿਰੁੱਧ ਬੁੜ ਬੁੜਾਏ** ਸਨ ਮਰਨਗੇ।

ਕਾਲੇਬ ਅਤੇ ਯਹੋਸ਼ੁਆ ਤੋਂ ਇਲਾਵਾ ਕੋਈ ਵੀ **ਦੇਸ ਵਿੱਚ** ਨਾ ਵੜੇਗਾ ਜਿਸ ਦਾ ਵਾਅਦਾ ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਦਿੱਤਾ ਸੀ। **ਸੌਂਹ ਖਾਧੀ** ਸ਼ਬਦ ਦੀ ਥਾਂ, ਇਬਰਾਨੀ ਮੂਲ ਲਿਖਤ ਸ਼ਾਬਦਿਕ ਤੌਰ ਤੇ ਕਹਿੰਦੀ ਹੈ "ਮੇਰੇ ਹੱਥ ਨੂੰ ਉੱਚਾ ਕੀਤਾ।" ਇਹ ਇਸ਼ਾਰਾ ਸੌਂਹ ਖਾਣ ਦੇ ਲਈ ਕੀਤਾ ਗਿਆ ਹੈ। REB ਬਾਈਬਲ ਇਸ ਵਾਕ ਦੇ ਅਨੁਵਾਦ ਵਿਚ ਦੋਹਾਂ ਵਿਚਾਰਾਂ ਨੂੰ ਸ਼ਾਮਲ ਕਰਦੀ ਹੈ: "ਮੈਂ ਉੱਚਾ ਹੱਥ ਕਰਕੇ ਸੌਂਹ ਖਾਧੀ" (ਵੇਖੋ ਜ਼ਬੂਰ 106:24-27)।

**ਆਇਤਾਂ 31, 32.** ਹਾਲਾਂਕਿ ਉਹ ਲੋਕ ਜਿਹੜੇ ਬੁੜ ਬੁੜਾਏ ਸਨ ਕਿ ਉਨ੍ਹਾਂ ਦੇ **ਨਿਆਣੇ ਲੁੱਟ ਦਾ ਮਾਲ** ਹੋਣਗੇ ਅਤੇ **ਏਸ ਉਜਾੜ ਵਿੱਚ** ਮਾਰੇ ਜਾਣਗੇ, ਉਹੀ ਨਿਆਣੇ ਵਾਅਦੇ ਦੇ ਦੇਸ ਵਿਚ ਦਾਖਲ ਹੋਣਗੇ, ਜਦ ਕਿ ਉਨ੍ਹਾਂ ਦੇ ਮਾਪੇ ਮਾਰੇ ਜਾਣਗੇ।

**ਆਇਤ 33.** ਅੰਤ ਵਿਚ, ਪਰਮੇਸ਼ੁਰ ਨੇ ਇਸਰਾਏਲ ਦੀ ਸਜ਼ਾ ਵਿਚ ਸਮੇਂ ਅਵਧਿ ਦੇ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਦੇ ਬੱਚੇ **ਚਾਲੀਆਂ ਵਰਿਹਾਂ ਤੀਕ ਅਯਾਲੀ** ਵਾਂਗ ਜੀਉਣਗੇ ਅਤੇ ਉਹ ਬਜ਼ੁਰਗ ਪੀੜ੍ਹੀਆਂ ਦੇ **ਛਨਾਲੇ** ਦੇ ਕਾਰਣ ਉਜਾੜ ਵਿਚ **ਸਜ਼ਾ ਚੁੱਕਣਗੇ**। ਕਈ ਹੋਰ ਅਨੁਵਾਦ "ਛਨਾਲੇ" ਸ਼ਬਦ ਦਾ ਅਨੁਵਾਦ "ਬੇਪਰਤੀਤੀ" (NRSV), "ਵੇਸ਼ਵਾਪਣ" (KJV), "ਬੇਵਫ਼ਾਈ" (NKJV) ਅਤੇ "ਬੇਮੁਹਾਰੀ ਬੇਵਫ਼ਾਈ" (NEB) ਵਜੋਂ ਕਰਦੇ ਹਨ। ਜਦ ਕਿ ਜਵਾਨ ਪੀੜ੍ਹੀ ਨੂੰ ਮਰਨ ਦੇ ਲਈ ਦੋਸ਼ੀ ਨਹੀਂ ਸੀ ਠਹਿਰਾਇਆ ਗਿਆ, ਉਨ੍ਹਾਂ ਨੇ ਚਾਲੀ ਵਰਹੇ ਉਜਾੜ ਦੀਆਂ ਮੁਸ਼ਕਲਾਂ ਨੂੰ ਝੱਲਿਆ। ਸ਼ਾਇਦ ਇਹ ਇਸ ਗੱਲ ਦਾ ਉਦਾਹਰਣ ਦਿੰਦਾ ਹੈ ਕਿ ਪਰਮੇਸ਼ੁਰ ਦਾ ਕੀ ਅਰਥ ਸੀ ਜਦੋਂ ਉਸ ਨੇ ਆਖਿਆ ਕਿ "ਉਹ ਪੇਵਾਂ ਦੇ ਕੁਧਰਮ ਦਾ ਉਨ੍ਹਾਂ ਦੇ ਪੁੱਤ੍ਰਾਂ ਉੱਤੋਂ ਤੀਜੀ ਚੌਥੀ ਪੀੜ੍ਹੀ ਤੀਕ ਬਦਲਾ ਲੈਣ ਹਾਰਾ ਹੈ" (14:18)।

**ਆਇਤ 34. ਚਾਲੀ ਵਰਿਹਾਂ** ਦੇ ਇਕ ਇਕ ਦਿਨ ਦੇ ਲਈ ਜੋ ਬਾਰਾਂ ਮਨੁੱਖਾਂ ਨੇ **ਧਰਤੀ ਦੀ ਖੋਜ ਕੱਢਣ ਦੇ ਲਈ** ਬਿਤਾਇਆ ਸੀ, ਇਸਰਾਏਲੀ ਉਜਾੜ ਵਿਚ ਇਕ ਵਰਹਾ ਬਿਤਾਉਣ ਦੁਆਰਾ

ਆਪਣੀ **ਬੁਰਿਆਈ ਨੂੰ ਚੁੱਕੇਣਗੇ। ਚਾਲੀ ਸਾਲ** ਇਕ ਲਗਭਗ ਸਮਾਂ ਹੈ; ਅਸਲੀ ਸਮਾਂ ਜੋ ਉਨ੍ਹਾਂ ਨੇ ਉਜਾੜ ਵਿਚ ਬਿਤਾਇਆ ਸੀ, ਸੀਨਈ ਤੋਂ ਲੈ ਕੇ ਮੋਆਬ ਦੇ ਮੈਦਾਨਾਂ ਤੀਕ, ਅਠੱਤੀਆਂ ਵਰਿਹਾਂ ਦਾ ਸੀ (ਬਿਵਸਥਾ ਸਾਰ 2:14)। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪਰਮੇਸ਼ੁਰ ਨੇ ਕੂਚ ਤੋਂ ਬਾਅਦ ਪਹਿਲੇ ਦੋ ਵਰਿਹਾਂ ਨੂੰ ਗਿਣਤੀ ਵਿਚ ਸ਼ਾਮਲ ਹੋਣ ਦਿੱਤਾ।

**ਆਇਤ 35.** ਪਰਮੇਸ਼ੁਰ ਨੇ ਆਪਣੀ ਪਰਜਾ ਦੇ ਆਗੂਆਂ ਦੇ ਲਈ ਆਪਣੇ ਸੰਦੇਸ਼ ਨੂੰ ਇਕ ਸਾਰ ਨਾਲ ਖਤਮ ਕੀਤਾ। ਉਸ ਨੇ ਆਖਿਆ, **ਮੈਂ ਯਹੋਵਾਹ ਬੋਲ ਚੁੱਕਾ ਹਾਂ।** ਜਦੋਂ ਯਹੋਵਾਹ ਬੋਲ ਚੁੱਕਾ ਹੈ, ਉਸ ਦਾ ਵਚਨ ਨਿਸ਼ਚਤ ਹੈ! **ਦੁਸ਼ਟ ਮੰਡਲੀ ਜਿਹੜੀ** ਪਰਮੇਸ਼ੁਰ **ਦੇ ਵਿਰੁੱਧ ਇਕੱਠੀ ਹੋਈ ਹੈ ਉਜਾੜ** ਵਿਚ **ਗਲ ਸੜ** ਅਤੇ **ਮਰ** ਜਾਵੇਗੀ। ਪਰਮੇਸ਼ੁਰ ਦੁਆਰਾ ਮੌਤ ਦੀ ਸਜ਼ਾ ਸਾਰੀ ਪੀੜ੍ਹੀ ਨੂੰ ਦਿੱਤੀ ਗਈ ਸੀ।

**ਆਇਤਾਂ 36-38.** ਪਰਮੇਸ਼ੁਰ ਕੋਲ ਬਾਰਾਂ ਖੋਜ ਕੱਢਣ ਵਾਲਿਆਂ ਦੇ ਲਈ ਵੀ ਇਕ ਸੰਦੇਸ਼ ਸੀ - ਉਹ ਸੰਦੇਸ਼ ਜਿਹੜਾ ਸ਼ਬਦਾਂ ਵਿਚ ਨਹੀਂ ਪਰ ਕਿਰਿਆ ਵਿਚ ਦਿੱਤਾ ਗਿਆ ਸੀ। ਉਸ ਨੇ ਦਸ ਖੋਜ ਕੱਢਣ ਵਾਲਿਆਂ ਨੂੰ ਜਿਹੜੇ **ਬੁਰੀ ਖਬਰ** ਲੈ ਕੇ ਆਏ ਸਨ ਅਤੇ ਲੋਕਾਂ ਦੇ ਲਈ **ਬੁੜ ਬੁੜਾਉਣ** ਦਾ ਕਾਰਣ ਬਣੇ ਸਨ ਜਾਨੋਂ ਮਾਰਨ ਦੇ ਲਈ **ਬਵਾ** ਘੱਲੀ, ਪਰ ਉਸ ਨੇ **ਯਹੋਸ਼ੁਆ** ਅਤੇ **ਕਾਲੇਬ** ਨੂੰ **ਜੀਉਂਦੇ** ਰੱਖਿਆ। ਇਸ ਤਰੀਕੇ ਨਾਲ, ਉਸ ਨੇ ਪਰਜਾ ਨੂੰ ਪਾਪ ਦੇ ਨਤੀਜੇ ਅਤੇ ਧਾਰਮਿਕਤਾ ਦੇ ਇਨਾਮ ਵਿਖਾਏ। ਦਸ ਖੋਜ ਕੱਢਣ ਵਾਲਿਆਂ ਦੀ ਮੌਤ ਨੇ ਉਸ ਦੀ ਇਕ ਝਲਕ ਦਿੱਤੀ ਸੀ ਜੋ ਆਖ਼ਰਕਰ ਸਾਰੀ ਪੀੜ੍ਹੀ ਦੇ ਨਾਲ ਉਨ੍ਹਾਂ ਦੇ ਪਾਪ ਦੇ ਕਾਰਣ ਹੋਵੇਗਾ।

## ਪਰਜਾ ਦੀ ਪ੍ਰਤੀਕਿਰਿਆ ਅਤੇ ਹਾਰ (14:39-45)

**39ਤਾਂ ਮੂਸਾ ਨੇ ਸਾਰੇ ਇਸਰਾਏਲੀਆਂ ਨੂੰ ਏਹ ਗੱਲਾਂ ਦੱਸੀਆਂ ਅਤੇ ਪਰਜਾ ਨੇ ਵੱਡਾ ਵਿਰਲਾਪ**
**ਕੀਤਾ। 40ਤਾਂ ਓਹ ਸਵੇਰੇ ਹੀ ਉੱਠ ਕੇ ਪਹਾੜ ਦੀ ਟੀਸੀ ਉੱਤੇ ਏਹ ਕਹਿ ਕੇ ਗਏ ਭਈ ਵੇਖੋ, ਅਸੀਂ**
**ਹੀ ਉਸ ਥਾਂ ਨੂੰ ਉਤਾਹਾਂ ਜਾਵਾਂਗੇ ਜਿਹ ਦੇ ਲਈ ਯਹੋਵਾਹ ਨੇ ਫ਼ਰਮਾਇਆ ਹੈ ਕਿਉਂ ਜੋ ਅਸਾਂ ਪਾਪ**
**ਕੀਤਾ ਹੈ। 41ਪਰ ਮੂਸਾ ਨੇ ਆਖਿਆ, ਤੁਸੀਂ ਯਹੋਵਾਹ ਦੇ ਹੁਕਮ ਦਾ ਉਲੰਘਣ ਕਿਉਂ ਕਰਦੇ ਹੋ?**
**ਕਿਉਂ ਜੋ ਏਹ ਸੁਫ਼ਲ ਨਹੀਂ ਹੋਵੇਗਾ। 42ਤੁਸੀਂ ਉਤਾਹਾਂ ਨਾ ਜਾਓ ਕਿਉਂ ਜੋ ਯਹੋਵਾਹ ਤੁਹਾਡੇ ਵਿਚਕਾਰ**
**ਨਹੀਂ ਹੈ ਮਤੇ ਤੁਸੀਂ ਆਪਣੇ ਵੈਰੀਆਂ ਦੇ ਅੱਗੇ ਭਾਂਜ ਖਾ ਜਾਓ। 43ਨਾਲੇ ਅਮਾਲੇਕੀ ਅਰ ਕਨਾਨੀ**
**ਉੱਥੇ ਤੁਹਾਡੇ ਸਾਹਮਣੇ ਹਨ ਅਤੇ ਤੁਸੀਂ ਤੇਗ ਨਾਲ ਡਿੱਗ ਪਓਗੇ। ਏਸ ਲਈ ਕਿ ਤੁਸੀਂ ਯਹੋਵਾਹ**
**ਦੇ ਪਿੱਛੇ ਚੱਲਣ ਤੋਂ ਫਿਰ ਗਏ ਯਹੋਵਾਹ ਤੁਹਾਡੇ ਸੰਗ ਨਹੀਂ ਹੋਵੇਗਾ। 44ਪਰੰਤੂ ਓਹ ਹਠ ਧਰਮੀ**
**ਨਾਲ ਪਹਾੜ ਦੀ ਟੀਸੀ ਉੱਤੇ ਚੜ੍ਹ ਗਏ ਪਰ ਯਹੋਵਾਹ ਦੇ ਨੇਮ ਦਾ ਸੰਦੂਕ ਅਤੇ ਮੂਸਾ ਡੇਰੇ ਦੇ ਵਿੱਚੋਂ**
**ਨਾ ਗਏ। 45ਤਾਂ ਅਮਾਲੇਕੀ ਅਤੇ ਕਨਾਨੀ ਜਿਹੜੇ ਉਸ ਪਹਾੜ ਉੱਤੇ ਵੱਸਦੇ ਸਨ ਹੇਠਾਂ ਆਏ ਅਤੇ**
**ਉਨ੍ਹਾਂ ਨੂੰ ਮਾਰਿਆ ਅਤੇ ਉਨ੍ਹਾਂ ਨੂੰ ਹਾਰਮਾਹ ਤੀਕ ਵੱਢਦੇ ਗਏ।**

**ਆਇਤਾਂ 39, 40. ਮੂਸਾ** ਨੇ **ਪਰਜਾ** ਨੂੰ ਪਰਮੇਸ਼ੁਰ ਦੀਆਂ ਗੱਲਾਂ ਦੱਸੀਆਂ, ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਨੇ **ਵੱਡਾ ਵਿਰਲਾਪ ਕੀਤਾ**। ਅਗਲੀ ਸਵੇਰ ਨੂੰ **ਓਹ ਸਵੇਰੇ ਹੀ ਉੱਠ ਕੇ ਪਹਾੜ ਦੀ ਟੀਸੀ ਉੱਤੇ ਏਹ ਕਹਿ ਕੇ ਗਏ ਭਈ ਵੇਖੋ, ਅਸੀਂ ਹੀ ਉਸ ਥਾਂ ਨੂੰ ਉਤਾਹਾਂ ਜਾਵਾਂਗੇ ਜਿਹ ਦੇ ਲਈ ਯਹੋਵਾਹ ਨੇ ਫ਼ਰਮਾਇਆ ਹੈ ਕਿਉਂ ਜੋ ਅਸਾਂ ਪਾਪ ਕੀਤਾ ਹੈ।** ਇਹ ਸ਼ਲਾਘਾਯੋਗ ਹੈ ਕਿ ਉਨ੍ਹਾਂ ਨੇ ਆਪਣੇ ਪਾਪ ਨੂੰ ਪਛਾਣਿਆ ਅਤੇ ਇਸ ਦਾ ਪਸ਼ਚਾਤਾਪ ਕੀਤਾ। ਪਰ, ਉਨ੍ਹਾਂ ਨੇ ਪਰਤੱਖ ਰੂਪ ਵਿਚ ਸੋਚਿਆ ਕਿ ਜੇਕਰ ਉਹ ਆਪਣੇ ਪਾਪ ਨੂੰ ਮੰਨ ਲੈਣਗੇ ਅਤੇ ਉਹੀ ਕਰਨਗੇ ਜੋ ਉਨ੍ਹਾਂ ਨੇ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਉਹ ਮਾਫ਼ ਕੀਤੇ ਜਾਣਗੇ ਅਤੇ ਉਨ੍ਹਾਂ ਤੋਂ ਮੌਤ ਦੀ ਸਜ਼ਾ ਹਟਾ

ਦਿੱਤੀ ਜਾਵੇਗੀ। ਉਨ੍ਹਾਂ ਨੇ ਇਹ ਦਲੀਲ ਦਿੱਤੀ ਹੋਵੇਗੀ, "ਅਸੀਂ ਹਮਲਾ ਨਾ ਕਰਨ ਦੀ ਅਣਇੱਛਾ ਜਤਾ ਕੇ ਪਰਮੇਸ਼ੁਰ ਵਿਚ ਨਿਹਚਾ ਦੀ ਕਮੀ ਨੂੰ ਵਿਖਾਇਆ ਸੀ; ਹੁਣ ਜੇਕਰ ਅਸੀਂ ਹਮਲਾ ਕਰਦੇ ਹਾਂ, ਅਸੀਂ ਉਸ ਵਿਚ ਨਿਹਚਾ ਨੂੰ ਵਿਖਾਵਾਂਗੇ ਅਤੇ ਉਹ ਸਾਨੂੰ ਮਾਫ਼ ਕਰੇਗਾ ਅਤੇ ਸਾਡੀਆਂ ਕੋਸ਼ਿਸ਼ਾਂ ਨੂੰ ਸਫ਼ਲ ਬਣਾਵੇਗਾ।" ਉਹ ਗਲਤ ਸਨ।

**ਆਇਤਾਂ 41-43.** ਜੋ ਉਹ ਕਰ ਰਹੇ ਸਨ ਉਸ ਦੇ ਵਿਰੁੱਧ ਚਿਤਾਵਨੀ ਦਿੰਦਿਆਂ, ਮੂਸਾ ਨੇ ਆਖਿਆ ਕਿ ਉਹ **ਯਹੋਵਾਹ ਦੇ ਹੁਕਮ ਦੀ ਉਲੰਘਣਾ** ਕਰ ਰਹੇ ਸਨ ਅਤੇ ਏਹ **ਸੁਫ਼ਲ ਨਹੀਂ** ਹੋਵੇਗਾ। ਉਹ ਇਸ ਗੱਲ ਵਿਚ "[ਪਰਮੇਸ਼ੁਰ ਦੇ] ਹੁਕਮ ਦੀ ਉਲੰਘਣਾ ਕਰ ਰਹੇ" ਸਨ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਪਹਿਲਾਂ ਹੀ ਆਖਿਆ ਸੀ ਕਿ "ਕੱਲ ਨੂੰ ਮੁੜੋ ਅਤੇ ਉਜਾੜ ਨੂੰ ਕੂਚ ਕਰੋ" (14:25)। ਉਸ ਨੇ ਉਨ੍ਹਾਂ ਨੂੰ ਯੁੱਧ ਵਿਚ ਨਾ ਜਾਣ ਦੀ ਬੇਨਤੀ ਕੀਤੀ ਸੀ। ਉਸ ਨੇ ਆਖਿਆ ਸੀ ਕਿ ਜੇਕਰ ਉਹ ਯੁੱਧ ਲੜਨ ਦੇ ਲਈ ਜਾਂਦੇ ਹਨ ਤਾਂ ਉਨ੍ਹਾਂ ਦੇ **ਵੈਰੀਆਂ ਦੇ ਅੱਗੇ ਭਾਂਜ ਖਾਣਗੇ** ਕਿਉਂਕਿ **ਯਹੋਵਾਹ** [ਉਨ੍ਹਾਂ ਦੇ] **ਵਿਚਕਾਰ ਨਹੀਂ** [ਸੀ]। **ਅਮਾਲੇਕੀ ਅਰ ਕਨਾਨੀ** ਉਨ੍ਹਾਂ ਨੂੰ ਜਾਨੋਂ ਮਾਰ ਸੁੱਟਣਗੇ, ਕਿਉਂਕਿ ਉਹ **ਯਹੋਵਾਹ ਦੇ ਪਿੱਛੇ ਚੱਲਣ ਤੋਂ ਫਿਰ ਗਏ** ਸਨ ਅਤੇ ਉਹ ਉਨ੍ਹਾਂ ਦੇ ਨਾਲ ਨਹੀਂ ਹੋਵੇਗਾ (ਵੇਖੋ 14:23)।

**ਆਇਤ 44.** ਪਰਜਾ ਨੇ ਮੂਸਾ ਦੀ ਚਿਤਾਵਨੀ ਨੂੰ ਨਜ਼ਰਅੰਦਾਜ਼ ਕੀਤਾ। **ਓਹ ਹਠ ਧਰਮੀ ਨਾਲ ਪਹਾੜ ਦੀ ਟੀਸੀ ਉੱਤੇ ਚੜ੍ਹ ਗਏ**, ਹਾਲਾਂਕਿ **ਯਹੋਵਾਹ ਦੇ ਨੇਮ ਦਾ ਸੰਦੂਕ ਅਤੇ ਮੂਸਾ ਡੇਰੇ ਦੇ ਵਿੱਚੋਂ ਨਾ ਗਏ।** "ਹਠ ਧਰਮੀ ਨਾਲ" (עָפַל, *ਅਪਲ)* ਤੋਂ ਇਲਾਵਾ ਹੋਰ ਅਨੁਵਾਦ ਕਹਿੰਦੇ ਹਨ "ਉਨ੍ਹਾਂ ਨੇ ਉੱਤੇ ਚੜ੍ਹਨ ਦੀ ਕਲਪਨਾ ਕੀਤੀ" (NRSV; NKJV; ESV), "ਉਨ੍ਹਾਂ ਨੇ ਉੱਤੇ ਚੜ੍ਹਨ ਦੀ ਹਿੰਮਤ ਕੀਤੀ" (NAB), "ਉਹ ਲਾਪਰਵਾਹੀ ਨਾਲ ਉੱਤੇ ਚੜ੍ਹ ਗਏ" (REB) ਅਤੇ "ਇਸਰਾਏਲੀਆਂ ਨੇ ਮੂਸਾ ਨੂੰ ਨਜ਼ਰਅੰਦਾਜ਼ ਕੀਤਾ" (CEV)। NJPSV ਬਾਈਬਲ ਆਖਦੀ ਹੈ, "ਫਿਰ ਵੀ ਜ਼ਿੱਦ ਕਰਕੇ ਉਨ੍ਹਾਂ ਨੇ ਕੂਚ ਕੀਤਾ।" "ਜ਼ਿੱਦ ਕਰਕੇ" ਸ਼ਬਦ ਤੋਂ ਬਾਅਦ, NJPSV ਬਾਈਬਲ ਵਿਚ ਇਕ ਟਿੱਪਣੀ ਹੈ ਜੋ ਆਖਦੀ ਹੈ ਕਿ ਇਬਰਾਨੀ ਦਾ ਅਰਥ ਅਨਿਸ਼ਚਤ ਹੈ। ਕਿਉਂਕਿ ਨਾ ਤਾਂ ਸੰਦੂਕ ਜੋ ਕਿ ਪਰਮੇਸ਼ੁਰ ਦੀ ਹਜ਼ੂਰੀ ਦਾ ਪ੍ਰਤੀਕ ਸੀ, ਨਾ ਹੀ ਪਰਮੇਸ਼ੁਰ ਦਾ ਨਿਯੁਕਤ ਕੀਤਾ ਹੋਇਆ ਆਗੂ ਮੂਸਾ, ਸੈਨਾ ਦੇ ਨਾਲ ਗਿਆ, ਇਹ ਸਪੱਸ਼ਟ ਸੀ ਕਿ ਇਸ ਮੌਕੇ ਪਰਮੇਸ਼ੁਰ ਇਸਰਾਏਲ ਦੇ ਨਾਲ ਨਹੀਂ ਸੀ। ਉਹ ਉਨ੍ਹਾਂ ਦੀ ਆਪਣੀ ਮਰਜ਼ੀ ਨਾਲ ਧਰਤੀ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

**ਆਇਤ 45.** ਨਤੀਜਾ ਇਸਰਾਏਲ ਦੇ ਪਰਮੇਸ਼ੁਰ ਦੀ ਤਿਆਗੀ ਹੋਈ ਸੈਨਾ ਦੀ ਜ਼ਬਰਦਸਤ ਹਾਰ ਸੀ! **ਅਮਾਲੇਕੀਆਂ ਅਤੇ ਕਨਾਨੀਆਂ ...** ਇਸਰਾਏਲੀਆਂ ਨੂੰ **ਮਾਰਿਆ ਅਤੇ ਉਨ੍ਹਾਂ ਨੂੰ ਹਾਰਮਾਹ ਤੀਕ ਵੱਢਦੇ ਗਏ।** "ਹਾਰਮਾਹ" ਦਾ ਅਰਥ ਹੈ "ਨਾਸ ਨੂੰ ਸਮਰਪਿਤ।" ਇਹ ਉਹ ਸ਼ਹਿਰ ਵੀ ਹੈ ਜਿੱਥੇ ਇਸਰਾਏਲੀਆਂ ਨੇ ਲਗਭਗ ਚਾਲੀ ਵਰਿਹਾਂ ਬਾਅਦ ਕਨਾਨੀਆਂ ਉੱਤੇ ਜਿੱਤ ਪ੍ਰਾਪਤ ਕੀਤੀ ਸੀ (21:1-3; ਵੇਖੋ ਯਹੋਸ਼ੁਆ 12:14; ਨਿਆਈਆਂ 1:16, 17)। ਸਬਕ ਸਪੱਸ਼ਟ ਹੈ: ਪਰਮੇਸ਼ੁਰ ਦੀ ਪਰਜਾ ਉਸ ਦੀ ਸਹਾਇਤਾ ਤੋਂ ਬਿਨ੍ਹਾਂ ਕੁਝ ਵੀ ਪੂਰਾ ਨਹੀਂ ਕਰ ਸਕਦੀ।

## ਪ੍ਰਾਸੰਗਿਕਤਾ

### ਪਰਮੇਸ਼ੁਰ ਤੇ ਬੇਇਤਬਾਰੀ ਕਰਨ ਦਾ ਇਸਰਾਏਲ ਦਾ ਵੱਡਾ ਪਾਪ (ਅਧਿਆਇ 13; 14)

ਕੀ ਤੁਸੀਂ ਕਦੇ ਕਿਤੇ ਜਾਂਦਿਆਂ ਗਲਤ ਮੋੜ ਮੁੜੇ ਹੋ ਜਿਸ ਦੇ ਨਤੀਜੇ ਵਜੋਂ ਤੁਹਾਨੂੰ ਉੱਥੇ ਜਾਣ ਦੇ ਲਈ ਜਿੱਥੇ ਤੁਸੀਂ ਜਾਣਾ ਚਾਹੁੰਦੇ ਸੀ ਉਸ ਨਾਲੋਂ ਜ਼ਿਆਦਾ ਸਮਾਂ ਲੱਗਾ ਜਿੰਨਾ ਤੁਸੀਂ ਸੋਚਿਆ ਸੀ? ਕੁਝ ਦਿਨ ਪਹਿਲਾਂ ਦੀ ਗੱਲ ਹੈ, ਮੇਰੀ ਪਤਨੀ ਅਤੇ ਮੈਂ ਇਸੇ ਤਰ੍ਹਾਂ ਦਾ ਅਨੁਭਵ ਕੀਤਾ। ਅਸੀਂ ਇਕ

ਔਰਤ ਨੂੰ ਮਿਲਣ ਦੇ ਲਈ ਗਏ ਜਿਹੜੀ ਟੈਕਸਾਸ ਦੇ ਛੋਟੇ ਜਿਹੇ ਸ਼ਹਿਰ ਦੇ ਦੱਖਣ ਵਿਚ ਲਗਭਗ ਨੌ ਮੀਲ ਦੀ ਦੂਰੀ ਤੇ ਵੱਸੇ ਇਕ ਪਿੰਡ ਵਿਚ ਰਹਿੰਦੀ ਸੀ ਜਿੱਥੇ ਮੈਂ ਪਰਚਾਰ ਕਰਦਾ ਹਾਂ। ਸ਼ਹਿਰ ਨੂੰ ਵਾਪਸ ਆਉਂਦਿਆਂ, ਅਸੀਂ ਗਲਤ ਮੋੜ ਮੁੜ ਗਏ। ਅਸੀਂ ਇਹ ਧਿਆਨ ਨਹੀਂ ਦਿੱਤਾ ਕਿ ਅਸੀਂ ਗਲਤ ਮਾਰਗ ਤੇ ਜਾ ਰਹੇ ਸਨ ਅਤੇ ਜਦੋਂ ਤੱਕ ਸਾਨੂੰ ਇਸ ਗੱਲ ਦਾ ਪਤਾ ਲੱਗਦਾ ਅਸੀਂ ਲਗਭਗ ਪੰਦਰਾਂ ਮੀਲ ਦਾ ਸਫ਼ਰ ਕਰ ਚੁੱਕੇ ਸੀ। ਅਸੀਂ ਜਿਸ ਮਾਰਗ ਤੇ ਜਾ ਰਹੇ ਸੀ ਸਾਡੇ ਲਈ ਉਸ ਮਾਰਗ ਤੇ ਚੱਲਦੇ ਰਹਿਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਅਸੀਂ ਉਸੇ ਮਾਰਗ ਤੇ ਚੱਲਦੇ ਗਏ ਜਦੋਂ ਤੱਕ ਅਸੀਂ ਉਸ ਉੱਚ ਮਾਰਗ ਤੱਕ ਨਹੀਂ ਪਹੁੰਚੇ ਜਿਸ ਤੋਂ ਅਸੀਂ ਚੰਗੀ ਤਰ੍ਹਾਂ ਵਾਕਫ਼ ਸੀ। ਜਦੋਂ ਆਖ਼ਰਕਾਰ ਅਸੀਂ ਘਰ ਪਹੁੰਚੇ, ਅਸੀਂ ਨੌ ਮੀਲ ਦੇ ਸਫ਼ਰ ਤੋਂ ਵਾਪਸ ਆਉਂਦੇ ਆਉਂਦੇ ਚਾਲੀ ਮੀਲਾਂ ਤੋਂ ਵੀ ਵੱਧ ਗੱਡੀ ਚਲਾ ਚੁੱਕੇ ਸੀ! ਸ਼ਾਇਦ ਕੋਈ ਕਹਿ ਸਕਦਾ ਹੈ ਕਿ ਅਸੀਂ ਘਰ ਨੂੰ ਵਾਪਸ ਆਉਂਦਿਆਂ ਲੰਬਾ ਰਸਤਾ ਅਪਨਾਇਆ ਸੀ!

ਸੀਨਈ ਤੋਂ ਨਿੱਕਲਣ ਤੋਂ ਬਾਅਦ ਇਸਰਾਏਲੀਆਂ ਨੇ ਵੀ ਕੁਝ ਇਸੇ ਤਰ੍ਹਾਂ ਦਾ ਹੀ ਕੀਤਾ ਸੀ, ਉਨ੍ਹਾਂ ਨੇ ਚਾਲੀ ਦਿਨ ਦੇ ਸਫ਼ਰ ਨੂੰ ਪੂਰਾ ਕਰਨ ਦੇ ਲਈ ਚਾਲੀ ਵਰਹੇ ਲਗਾ ਦਿੱਤੇ। ਉਨ੍ਹਾਂ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਬਾਹਰ ਕੱਢਿਆ ਗਿਆ ਸੀ ਅਤੇ ਉਨ੍ਹਾਂ ਨੇ ਸੀਨਈ ਵਿਚ ਇਕ ਵਰਹੇ ਤੋਂ ਥੋੜ੍ਹਾ ਜਿਹਾ ਵੱਧ ਸਮਾਂ ਬਿਤਾਇਆ ਸੀ। ਗਿਣਤੀ ਦੀ ਪੁਸਤਕ ਦੇ ਪਹਿਲੇ ਦਸ ਅਧਿਆਇ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਨੇ ਸੀਨਈ ਤੋਂ ਨਿੱਕਲਣ ਦੀ ਤਿਆਰੀ ਕੀਤੀ ਅਤੇ ਫਿਰ ਕਿਵੇਂ ਉਹ ਉਨ੍ਹਾਂ ਦੇ ਸਫ਼ਰ ਤੇ ਨਿੱਕਲੇ। 11 ਅਤੇ 12 ਅਧਿਆਵਾਂ ਅਨੁਸਾਰ, ਪਾਪ ਨੇ ਉਨ੍ਹਾਂ ਤੋਂ ਦੇਰੀ ਕਰਵਾਈ, ਪਰ 12 ਅਧਿਆਇ ਦੇ ਅੰਤ ਵਿਚ, ਉਹ ਪਾਰਾਨ ਦੀ ਉਜਾੜ ਵਿਚ ਪਹੁੰਚ ਚੁੱਕੇ ਸਨ (12:16), ਕਨਾਨ ਦੇ ਇੰਨੇ ਜ਼ਿਆਦਾ ਨੇੜੇ ਕਿ ਉਹ ਉਸ ਦੇਸ ਵਿਚ ਖੋਜ ਕੱਢਣ ਵਾਲਿਆਂ ਨੂੰ ਭੇਜ ਸਕਦੇ ਸਨ।

*ਇਸਰਾਏਲ ਦੀ ਬੇਪਰਤੀਤੀ ਦਾ ਪਾਪ।* 13 ਅਤੇ 14 ਅਧਿਆਵਾਂ ਵਿਚ ਬਾਰਾਂ ਖੋਜ ਕੱਢਣ ਵਾਲਿਆਂ ਦਾ ਵਿਰਤਾਂਤ ਅੱਜ ਸਾਡੇ ਲਈ ਅਣਆਗਿਆਕਾਰੀ ਅਤੇ ਵਿਦਰੋਹ ਦੇ ਵਿਰੁੱਧ ਇਕ ਚਿਤਾਵਨੀ ਦੇ ਰੂਪ ਵਿਚ ਕੰਮ ਕਰਦਾ ਹੈ। ਪਰਮੇਸ਼ੁਰ ਦੀ ਸਜ਼ਾ ਤੋਂ ਬਚਣ ਦੇ ਲਈ, ਸਾਨੂੰ ਇਹੋ ਜਿਹੇ ਪਾਪਾਂ ਵਿਚ ਨਹੀਂ ਡਿੱਗਣਾ ਚਾਹੀਦਾ। ਅਸੀਂ ਇਸਰਾਏਲ ਦੀ ਨਕਾਰਾਤਮਕ ਉਦਾਹਰਣ ਤੋਂ ਸਿੱਖ ਸਕਦੇ ਹਾਂ।

1. ਖੋਜ ਕੱਢਣ ਵਾਲਿਆਂ ਦਾ ਮਿਸ਼ਨ ਅਤੇ ਰਪੋਟ ਕੀ ਸੀ? ਜਦੋਂ ਇਸਰਾਏਲੀ ਵਾਅਦੇ ਦੀ ਧਰਤੀ ਦੇ ਨੇੜੇ ਪਹੁੰਚੇ, ਪਰਮੇਸ਼ੁਰ ਨੇ ਮੂਸਾ ਨੂੰ ਮਨੁੱਖਾਂ ਨੂੰ ਭੇਜਣ ਦਾ ਹੁਕਮ ਦਿੱਤਾ "ਤਾਂ ਕਿ ਓਹ ਕਨਾਨ ਦੇਸ ਦੀ ਖੋਜ ਕੱਢਣ" (13:1, 2)। ਫਿਰ ਮੂਸਾ ਨੇ "ਯਹੋਵਾਹ ਦੇ ਹੁਕਮ ਅਨੁਸਾਰ" ਬਾਰਾਂ ਮਨੁੱਖਾਂ, ਇਸਰਾਏਲ ਦਿਆਂ ਗੋਤਾਂ ਤੋਂ ਇਕ ਇਕ ਮਨੁੱਖ, ਨੂੰ ਚੁਣਿਆ (13:3-16)। ਉਸ ਨੇ ਉਨ੍ਹਾਂ ਨੂੰ ਦੱਖਣ ਦੇ ਵਿੱਚੋਂ ਦੀ ਜਾਣ ਅਤੇ ਫਿਰ ਪਹਾੜ ਉੱਤੇ ਚੜ੍ਹਣ ਦੀ ਹਦਾਇਤ ਦਿੱਤੀ ਸੀ (13:18-20)।

ਉਨ੍ਹਾਂ ਨੇ ਉਸ ਦੇਸ ਦੀ ਖੁਸ਼ਹਾਲੀ ਅਤੇ ਇਸ ਦੇ ਵਾਸੀਆਂ ਦੀ ਤਾਕਤ ਦੇ ਬਾਰੇ ਵਾਪਸ ਖਬਰ ਲੈ ਕੇ ਆਉਣੀ ਸੀ। ਖੋਜ ਕੱਢਣ ਵਾਲਿਆਂ ਨੂੰ ਦਿੱਤੀਆਂ ਗਈਆਂ ਹਦਾਇਤਾਂ ਦੋ ਸਵਾਲਾਂ ਵੱਲ ਸੰਕੇਤ ਕਰਦੀਆਂ ਸਨ: ਕੀ ਉਹ ਧਰਤੀ ਕਬਜ਼ਾ ਕਰਨ ਲਾਇਕ ਸੀ? ਇਸ ਤੇ ਕਬਜ਼ਾ ਕਰਨਾ ਕਿੰਨਾ ਮੁਸ਼ਕਲ ਹੋਵੇਗਾ?

ਖੋਜ ਕੱਢਣ ਵਾਲੇ ਪੂਰੇ ਦੇਸ ਵਿਚ ਗਏ। ਇਕ ਥਾਂ ਤੇ ਉਨ੍ਹਾਂ ਨੇ "ਦਾਖ ਦੇ ਗੁੱਛੇ ਦੀ ਟਹਿਣੀ ਤੋੜੀ ਅਤੇ ਉਹ ਨੂੰ ਇੱਕ ਲਾਠੀ ਉੱਤੇ ਦੋ ਮਨੁੱਖ ਚੁੱਕ ਕੇ ਲਿਆਏ ਨਾਲੇ ਅਨਾਰ ਅਤੇ ਹਜੀਰਾਂ ਲਿਆਏ" (13:21-24)।

ਚਾਲੀਆਂ ਦਿਨਾਂ ਬਾਅਦ (13:25) ਉਹ ਵਾਪਸ ਆਏ ਅਤੇ "ਸਾਰੀ ਮੰਡਲੀ [ਮੂਸਾ ਅਤੇ

ਹਾਰੂਨ] ਲਈ ਖਬਰ ਲਿਆਏ ਨਾਲੇ ਉਸ ਧਰਤੀ ਦਾ ਫਲ ਵਿਖਾਇਆ" (13:26)। ਉਨ੍ਹਾਂ ਨੇ ਆਖਿਆ,

> ਅਸੀਂ ਉਸ ਦੇਸ ਨੂੰ ਗਏ ਜਿੱਥੇ ਤੈਂ ਸਾਨੂੰ ਘੱਲਿਆ ਸੀ। ਉੱਥੇ ਸੱਚ ਮੁੱਚ ਦੁੱਧ ਅਤੇ ਸ਼ਹਿਤ ਵਗਦਾ ਹੈ ਅਤੇ ਏਹ ਉਹ ਦਾ ਫਲ ਹੈ। ਪਰੰਤੂ ਉਸ ਦੇਸ ਦੇ ਵਾਸੀ ਬਲਵਾਨ ਹਨ ਅਤੇ ਉਸ ਦੇ ਸ਼ਹਿਰ ਗੜ੍ਹਾਂ ਵਾਲੇ ਅਤੇ ਵੱਡੇ ਵੱਡੇ ਹਨ ਨਾਲੇ ਅਸੀਂ ਉੱਥੇ ਅਨਾਕ ਦੀ ਅੰਸ ਨੂੰ ਵੀ ਵੇਖਿਆ। ਉਸ ਦੇਸ ਦੇ ਦੱਖਣ ਵੱਲ ਅਮਾਲੇਕੀ ਵੱਸਦੇ ਹਨ ਅਤੇ ਹਿੱਤੀ, ਯਬੂਸੀ ਅਤੇ ਅਮੋਰੀ ਪਹਾੜ ਉੱਤੇ ਵੱਸਦੇ ਹਨ ਅਤੇ ਕਨਾਨੀ ਸਮੁੰਦਰ ਕੋਲ ਯਰਦਨ ਦੇ ਆਲੇ ਦੁਆਲੇ ਵੱਸਦੇ ਹਨ (13:27-29)।

ਉਹ ਕੀ ਕਹਿ ਰਹੇ ਸਨ? ਧਰਤੀ ਸੱਚਮੁੱਚ ਭਰਪੂਰ ਸੀ; ਇਹ ਕਬਜ਼ਾ ਕਰਨ ਲਾਇਕ ਸੀ। ਪਰ, ਉਸ ਦੇ ਲੋਕ ਬਲਵਾਨ ਅਤੇ ਬਹੁਤ ਜ਼ਿਆਦਾ ਸਨ ਅਤੇ ਦੇਸ ਦੇ ਹਰ ਇਲਾਕੇ ਵਿਚ ਵੱਸੇ ਹੋਏ ਸਨ। ਉਨ੍ਹਾਂ ਦੇ ਸ਼ਹਿਰ ਮਜ਼ਬੂਤ ਗੜ੍ਹਾਂ ਵਾਲੇ ਸਨ। ਦੂਜੇ ਸ਼ਬਦਾਂ ਵਿਚ, ਉਸ ਦੇਸ ਦੇ ਉੱਤੇ ਕਬਜ਼ਾ ਕਰਨਾ ਮੁਸ਼ਕਲ ਸੀ।

ਖੋਜ ਕੱਢਣ ਵਾਲਿਆਂ ਵਿੱਚੋਂ ਇਕ ਜਣਾ ਅਰਥਾਤ ਕਾਲੇਬ ਉਨ੍ਹਾਂ ਨਾਲ ਸਹਿਮਤ ਨਹੀਂ ਸੀ। ਗਿਣਤੀ 13:30 ਆਖਦੀ ਹੈ, "ਤਾਂ ਕਾਲੇਬ ਨੇ ਮੂਸਾ ਦੇ ਅੱਗੇ ਪਰਜਾ ਨੂੰ ਚੁੱਪ ਕਰਾਇਆ ਅਤੇ ਆਖਿਆ, 'ਜਰੂਰ ਅਸੀਂ ਉੱਪਰ ਜਾਈਏ ਅਤੇ ਉਸ ਦੇਸ ਉੱਤੇ ਕਬਜ਼ਾ ਕਰੀਏ ਕਿਉਂ ਜੋ ਅਸੀਂ ਉਹ ਦੇ ਉੱਤੇ ਕਬਜ਼ਾ ਕਰ ਸੱਕਦੇ ਹਾਂ। ਅਸੀਂ ਜਰੂਰ ਹੀ ਉਹ ਦੇ ਉੱਤੇ ਕਬਜ਼ਾ ਕਰ ਸੱਕਦੇ ਹਾਂ!'"

ਹੋਰਨਾਂ ਖੋਜ ਕੱਢਣ ਵਾਲਿਆਂ ਨੇ (ਯਹੋਸ਼ੁਆ ਨੂੰ ਛੱਡ ਕੇ) ਜਵਾਬ ਦਿੱਤਾ, "ਅਸੀਂ ਉਨ੍ਹਾਂ ਲੋਕਾਂ ਦੇ ਵਿਰੁੱਧ ਉੱਪਰ ਨਹੀਂ ਜਾ ਸੱਕਦੇ ਕਿਉਂ ਜੋ ਓਹ ਸਾਥੋਂ ਬਲਵਾਨ ਹਨ" (13:31)। ਫਿਰ ਲਿਖਤ ਆਖਦੀ ਹੈ,

> ਓਹ ਇਸਰਾਏਲੀਆਂ ਕੋਲ ਉਸ ਦੇਸ ਦੀ ਬੁਰੀ ਖਬਰ ਲਿਆਏ ਜਿਹ ਦਾ ਉਨ੍ਹਾਂ ਨੇ ਖੋਜ ਕੱਢਿਆ ਸੀ ਅਤੇ ਆਖਣ ਲੱਗੇ ਕਿ ਜਿਸ ਦੇਸ ਦੇ ਵਿੱਚ ਦੀ ਅਸੀਂ ਲੰਘੇ ਭਈ ਉਸ ਦਾ ਖੋਜ ਕੱਢੀਏ ਅਜੇਹਾ ਦੇਸ ਹੈ ਜਿਹੜਾ ਆਪਣੇ ਵਾਸੀਆਂ ਨੂੰ ਖਾਂਦਾ ਹੈ ਨਾਲੇ ਸਾਰੇ ਲੋਕ ਜਿਨ੍ਹਾਂ ਨੂੰ ਅਸਾਂ ਉਸ ਵਿੱਚ ਵੇਖਿਆ ਵੱਡੇ-ਵੱਡੇ ਕੱਦਾਂ ਵਾਲੇ ਮਨੁੱਖ ਹਨ ਅਤੇ ਉੱਥੇ ਅਸਾਂ ਨਫੀਲੀਮ ... ਵੇਖੇ ਅਤੇ ਅਸੀਂ ਆਪਣੀ ਨਿਗਾਹ ਵਿੱਚ ਟਿੱਡਿਆਂ ਵਰਗੇ ਸਾਂ ਅਤੇ ਉਨ੍ਹਾਂ ਦੀ ਨਿਗਾਹ ਵਿੱਚ ਵੀ ਅਸੀਂ ਏਵੇਂ ਹੀ ਸਾਂ (13:32, 33)।

ਕਾਲੇਬ (ਯਹੋਸ਼ੁਆ ਨਾਲ ਮਿਲ ਕੇ) ਅਤੇ ਹੋਰਨਾਂ ਖੋਜ ਕੱਢਣ ਵਾਲਿਆਂ ਵਿਚਕਾਰ ਅਸਹਿਮਤੀ ਜਾਂ ਤਾਂ ਦੇਸ ਦੀ ਭਰਪੂਰੀ ਜਾਂ ਵਿਰੋਧੀ ਦੀ ਤਾਕਤ ਦਾ ਵਰਣਨ ਨਹੀਂ ਸੀ ਕਰਦੀ। ਇਸ ਦਾ ਸੰਬੰਧ ਪਰਮੇਸ਼ੁਰ ਦੀ ਸਹਾਇਤਾ ਨਾਲ ਦੇਸ ਤੇ ਕਬਜ਼ਾ ਕਰਨ ਦੀ ਇਸਰਾਏਲੀਆਂ ਦੀ ਯੋਗਤਾ ਨਾਲ ਸੀ। ਅਸਲ ਵਿਚ, ਕਾਲੇਬ ਨੇ ਆਖਿਆ, "ਅਸੀਂ ਉਹ ਦੇ ਉੱਤੇ ਕਬਜ਼ਾ ਕਰ ਸੱਕਦੇ ਹਾਂ" (13:30); ਦੂਜਿਆਂ ਨੇ ਆਖਿਆ, "ਅਸੀਂ ਉਹ ਦੇ ਉੱਤੇ ਕਬਜ਼ਾ ਨਹੀਂ ਕਰ ਸੱਕਦੇ" (13:31)।

2. ਖੋਜ ਕੱਢਣ ਵਾਲਿਆਂ ਦੀ ਬੁਰੀ ਖਬਰ ਦੇ ਪ੍ਰਤੀ ਪਰਜਾ ਦੀ ਕੀ ਪ੍ਰਤੀਕਿਰਿਆ ਸੀ? ਅਫਸੋਸ, ਉਨ੍ਹਾਂ ਨੇ ਵੱਧ ਗਿਣਤੀ ਵਾਲੀ ਰਪੋਟ ਤੇ ਵਿਸ਼ਵਾਸ ਕੀਤਾ ਸੀ। ਬਾਈਬਲ ਆਖਦੀ ਹੈ,

> ਅਤੇ ਸਾਰੇ ਇਸਰਾਏਲੀ ਮੂਸਾ ਦੇ ਵਿਰੁੱਧ ਅਤੇ ਹਾਰੂਨ ਦੇ ਵਿਰੁੱਧ ਬੁੜ ਬੁੜਾਏ ਅਤੇ ਸਾਰੀ ਮੰਡਲੀ ਨੇ ਉਨ੍ਹਾਂ ਨੂੰ ਆਖਿਆ, ਚੰਗਾ ਹੀ ਹੁੰਦਾ ਜੇ ਅਸੀਂ ਮਿਸਰ ਦੇਸ ਵਿੱਚ ਮਰ ਜਾਂਦੇ ਅਥਵਾ ਏਸ ਉਜਾੜ ਵਿੱਚ ਮਰ ਮੁੱਕਦੇ! ਯਹੋਵਾਹ ਸਾਨੂੰ ਕਾਹਨੂੰ ਏਸ ਦੇਸ ਵਿੱਚ ਲਿਆਇਆ ਭਈ ਅਸੀਂ ਤੇਗ ਨਾਲ ਡਿੱਗੀਏ ਅਤੇ ਸਾਡੀਆਂ ਤੀਵੀਆਂ ਅਤੇ ਸਾਡੇ ਨਿਆਣੇ ਲੁੱਟ ਦਾ ਮਾਲ ਹੋਣ? ਕੀ ਸਾਡੇ ਲਈ ਚੰਗਾ ਨਹੀਂ ਕਿ ਅਸੀਂ ਮਿਸਰ ਨੂੰ ਮੁੜ ਜਾਈਏ? ਤਾਂ ਓਹ ਇੱਕ ਦੂਜੇ ਨੂੰ ਆਖਣ ਲੱਗੇ ਭਈ ਅਸੀਂ

ਇੱਕ ਸਰਦਾਰ ਠਹਿਰਾ ਕੇ ਮਿਸਰ ਨੂੰ ਮੁੜ ਚੱਲੀਏ (14:2-4)।

ਖੋਜ ਕੱਢਣ ਵਾਲਿਆਂ ਦੀ ਰਪੋਟ ਦੇ ਪ੍ਰਤੀ ਲੋਕਾਂ ਦੀ ਪ੍ਰਤਿਕਰਿਆ ਸੁਣਨ ਤੇ, "ਮੂਸਾ ਅਤੇ ਹਾਰੂਨ ਆਪਣੇ ਮੂਹਾਂ ਭਾਰ ਇਸਰਾਏਲੀਆਂ ਦੀ ਮੰਡਲੀ ਦੀ ਸਭਾ ਅੱਗੇ ਡਿੱਗ ਪਏ" (14:5)। ਫਿਰ ਯਹੋਸ਼ੁਆ ਅਤੇ ਕਾਲੇਬ ਨੇ "ਆਪਣੇ ਕੱਪੜੇ ਪਾੜੇ" ਅਤੇ ਸਾਰੀ ਮੰਡਲੀ ਨਾਲ ਬੋਲੇ ਅਤੇ ਆਖਿਆ,

> ਉਹ ਧਰਤੀ ਜਿਹ ਦੇ ਵਿੱਚ ਦੀ ਅਸੀਂ ਖੋਜ ਕੱਢਣ ਲਈ ਲੰਘੇ ਡਾਢੀ ਹੀ ਚੰਗੀ ਹੈ। ਜੇ ਯਹੋਵਾਹ ਸਾਡੇ ਨਾਲ ਪਰਸੰਨ ਹੈ ਤਾਂ ਉਹ ਸਾਨੂੰ ਏਸ ਧਰਤੀ ਵਿੱਚ ਲੈ ਜਾਵੇਗਾ ਅਤੇ ਸਾਨੂੰ ਦੇ ਦੇਵੇਗਾ। ਉਹ ਇੱਕ ਧਰਤੀ ਹੈ ਜਿਸ ਦੇ ਵਿੱਚ ਦੁੱਧ ਅਤੇ ਸ਼ਹਿਤ ਵਗਦਾ ਹੈ। ਕੇਵਲ ਨਾ ਤਾਂ ਤੁਸੀਂ ਯਹੋਵਾਹ ਦੇ ਵਿਰੁੱਧ ਆਕੀ ਹੋਵੋ, ਨਾ ਹੀ ਤੁਸੀਂ ਉਸ ਦੇਸ ਦੇ ਲੋਕਾਂ ਤੋਂ ਡਰੋ ਕਿਉਂ ਜੋ ਓਹ ਤਾਂ ਸਾਡੀ ਇੱਕ ਬੁਰਕੀ ਹੀ ਹਨ। ਓਹਨਾਂ ਦੀ ਰੱਛਿਆ ਓਹਨਾਂ ਦੇ ਉੱਤੋਂ ਜਾਂਦੀ ਰਹੀ ਹੈ ਅਤੇ ਯਹੋਵਾਹ ਸਾਡੇ ਨਾਲ ਹੈ। ਓਹਨਾਂ ਤੋਂ ਤੁਸੀਂ ਨਾ ਡਰੋ! (14:7-9)।

ਇਨ੍ਹਾਂ ਸ਼ਬਦਾਂ ਵਿਚ ਸਾਨੂੰ ਪਤਾ ਲੱਗਦਾ ਹੈ ਕਿ ਯਹੋਸ਼ੁਆ ਅਤੇ ਕਾਲੇਬ ਨੇ ਦੂਜੇ ਖੋਜ ਕੱਢਣ ਵਾਲਿਆਂ ਦੀ ਤੁਲਨਾ ਵਿਚ ਜਿਨ੍ਹਾਂ ਨੇ ਆਖਿਆ ਕਿ "ਅਸੀਂ ਉਹ ਦੇ ਉੱਤੇ ਕਬਜ਼ਾ ਨਹੀਂ ਕਰ ਸੱਕਦੇ" ਕਿਉਂ ਇਹ ਆਖਿਆ ਕਿ "ਅਸੀਂ ਉਹ ਦੇ ਉੱਤੇ ਕਬਜ਼ਾ ਕਰ ਸੱਕਦੇ ਹਾਂ।" ਦੋ ਵਫ਼ਾਦਾਰ ਖੋਜ ਕੱਢਣ ਵਾਲਿਆਂ ਨੂੰ ਯੁੱਧ ਲੜਨ ਦੀ ਇਸਰਾਏਲੀਆਂ ਦੀ ਯੋਗਤਾ ਦਾ ਕੋਈ ਜ਼ਿਆਦਾ ਅੰਦਾਜ਼ਾ ਨਹੀਂ ਸੀ। ਜ਼ਿਆਦਾ ਯੋਧਿਆਂ ਜਾਂ ਵਧੀਆਂ ਹਥਿਆਰਾਂ ਤੱਕ ਉਨ੍ਹਾਂ ਦੀ ਪਹੁੰਚ ਹੋਰਨਾਂ ਦਸ ਖੋਜ ਕੱਢਣ ਵਾਲਿਆਂ ਤੋਂ ਵੱਧ ਕੇ ਨਹੀਂ ਸੀ। ਬਲਕਿ, ਉਨ੍ਹਾਂ ਦੋ ਖੋਜੀਆਂ ਨੂੰ ਪਰਮੇਸ਼ੁਰ ਵਿਚ ਬਹੁਤ ਜ਼ਿਆਦਾ ਨਿਹਚਾ ਸੀ। ਉਨ੍ਹਾਂ ਨੇ ਆਖਿਆ, "ਜੇ ਯਹੋਵਾਹ ਸਾਡੇ ਨਾਲ ਪਰਸੰਨ ਹੈ ਤਾਂ ਉਹ ਸਾਨੂੰ ਏਸ ਧਰਤੀ ਵਿੱਚ ਲੈ ਜਾਵੇਗਾ ਅਤੇ ਸਾਨੂੰ ਦੇ ਦੇਵੇਗਾ" (14:8)! ਦੂਜੇ ਖੋਜ ਕੱਢਣ ਵਾਲਿਆਂ - ਅਤੇ ਪਰਜਾ ਨੇ - ਪਰਮੇਸ਼ੁਰ ਨੂੰ ਉਨ੍ਹਾਂ ਦੇ ਮੁਲਾਂਕਣ ਵਿੱਚੋਂ ਪੂਰੀ ਤਰ੍ਹਾਂ ਬਾਹਰ ਕੱਢ ਦਿੱਤਾ ਸੀ।

ਯਹੋਸ਼ੁਆ ਅਤੇ ਕਾਲੇਬ ਦੀਆਂ ਗੱਲਾਂ ਦਾ ਲੋਕਾਂ ਨੇ ਕਿਵੇਂ ਜਵਾਬ ਦਿੱਤਾ ਸੀ? "ਸਾਰੀ ਮੰਡਲੀ ਨੇ ਆਖਿਆ ਕਿ ਇਨ੍ਹਾਂ ਨੂੰ ਪੱਥਰਾਂ ਨਾਲ ਮਾਰੀਏ" (14:10)! ਯਹੋਸ਼ੁਆ ਅਤੇ ਕਾਲੇਬ ਦੀ ਰਪੋਟ ਤੇ ਯਕੀਨ ਕਰਨ ਤੋਂ ਇਨਕਾਰ ਕਰਨ ਦਾ ਨਤੀਜਾ ਉਨ੍ਹਾਂ ਦਾ ਆਪਣਾ ਨਾਸ ਹੋਇਆ।

3. ਪਰਮੇਸ਼ੁਰ ਦੀ ਪ੍ਰਤੀਕਿਰਿਆ ਕੀ ਸੀ? ਜਦੋਂ ਪਰਜਾ ਨੇ ਦਸ ਖੋਜ ਕੱਢਣ ਵਾਲਿਆਂ ਦੀ ਬੁਰੀ ਖਬਰ ਤੇ ਵਿਸ਼ਵਾਸ ਕੀਤਾ (13:32) ਅਤੇ ਯਹੋਸ਼ੁਆ ਅਤੇ ਕਾਲੇਬ ਦੀ ਬੇਨਤੀ ਨੂੰ ਠੁਕਰਾ ਦਿੱਤਾ, ਪਰਮੇਸ਼ੁਰ ਹੁਣ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ। ਉਹ "ਸਾਰੇ ਇਸਰਾਏਲੀਆਂ ਉੱਤੇ ਮੰਡਲੀ ਦੇ ਤੰਬੂ ਵਿੱਚ ਪਰਗਟ ਹੋਇਆ" (14:10)। ਫਿਰ ਪਰਮੇਸ਼ੁਰ ਨੇ ਮੂਸਾ ਨੂੰ ਆਖਿਆ, "ਏਹ ਪਰਜਾ ਕਦ ਤੀਕ ਮੇਰੀ ਨਿਰਾਦਰੀ ਕਰਦੀ ਰਹੇਗੀ? ਅਤੇ ਕਦ ਤੀਕ ਮੇਰੇ ਉੱਤੇ ਉਨ੍ਹਾਂ ਸਾਰਿਆਂ ਨਿਸ਼ਾਨਾਂ ਦੇ ਹੁੰਦਿਆਂ ਹੋਇਆਂ ਵੀ ਜਿਹੜੇ ਮੈਂ ਉਨ੍ਹਾਂ ਵਿੱਚ ਕੀਤੇ ਪਰਤੀਤ ਨਾ ਕਰੇਗੀ? ਮੈਂ ਉਨ੍ਹਾਂ ਨੂੰ ਮਰੀ ਨਾਲ ਮਾਰਾਂਗਾ, ਮੈਂ ਉਨ੍ਹਾਂ ਨੂੰ ਵਿਰਸੇ ਤੋਂ ਖਾਰਜ ਕਰਾਂਗਾ, ਅਤੇ ਤੈਨੂੰ ਇੱਕ ਕੌਮ ਉਨ੍ਹਾਂ ਤੋਂ ਵੱਡੀ ਅਤੇ ਬਲਵੰਤ ਬਣਾਵਾਂਗਾ" (14:11, 12)।

ਕੌਮ ਨੂੰ ਮਿਟਾਉਣ ਦੀ ਪਰਮੇਸ਼ੁਰ ਦੀ ਧਮਕੀ ਦਾ ਜਵਾਬ ਮੂਸਾ ਨੇ ਦੋ ਤਰੀਕਿਆਂ ਨਾਲ ਦਿੱਤਾ: (a) ਪਰਮੇਸ਼ੁਰ ਦੇ ਨਾਲ ਤਰਕ ਕਰਨ ਦੁਆਰਾ। ਉਸ ਨੇ ਇਹ ਦਲੀਲ ਦਿੱਤੀ ਕਿ ਜੇਕਰ ਯਹੋਵਾਹ ਆਪਣੀ ਪਰਜਾ ਨੂੰ ਉਸ ਦੇਸ ਵਿਚ ਨਾ ਲਿਆਇਆ ਜਿਹ ਦੇ ਦੇਣ ਦਾ ਉਸ ਨੇ ਉਨ੍ਹਾਂ ਨੂੰ ਵਾਅਦਾ ਕੀਤਾ ਸੀ - ਕਿਉਂਕਿ ਇਸਰਾਏਲੀ ਲੋਕ ਉਸ ਦੀ ਪਰਜਾ ਸਨ ਅਤੇ ਹਰ ਕੋਈ ਇਹ ਜਾਣਦਾ ਸੀ - ਤਾਂ ਗੈਰ ਕੌਮਾਂ ਸੋਚਣਗੀਆਂ ਕਿ ਪਰਮੇਸ਼ੁਰ ਇਸ ਤਰ੍ਹਾਂ ਕਰਨ ਵਿਚ ਅਸਮਰੱਥ ਹੈ ਅਤੇ ਕਹਿਣਗੀਆਂ, "ਏਸ ਲਈ ਕਿ ਯਹੋਵਾਹ ਏਸ ਪਰਜਾ ਨੂੰ ਉਸ ਦੇਸ ਵਿੱਚ ਪਹੁੰਚਾ *ਨਾ ਸੱਕਿਆ*

ਜਿਹ ਦੇ ਦੇਣ ਦੀ ਸੌਂਹ ਖਾਧੀ ਸੀ ਤਾਂ ਹੀ ਤਾਂ ਉਸ ਨੇ ਉਨ੍ਹਾਂ ਨੂੰ ਉਜਾੜ ਵਿੱਚ ਬਰਬਾਦ ਕੀਤਾ" (14:16; ਜ਼ੋਰ ਦਿੱਤਾ ਗਿਆ ਹੈ)। (b) ਉਸ ਦੇ ਅੱਗੇ ਬੇਨਤੀ ਕਰਨ ਦੁਆਰਾ। ਉਸ ਨੇ ਪਰਮੇਸ਼ੁਰ ਦੇ ਦਿਆਲੂ ਸੁਭਾਅ ਦੇ ਆਧਾਰ ਤੇ ਉਸ ਦੇ ਅੱਗੇ ਇਹ ਅਪੀਲ ਕੀਤੀ, "ਆਪਣੀ ਵੱਡੀ ਦਯਾ ਦੇ ਅਨੁਸਾਰ ਜਿਵੇਂ ਤੈਂ ਏਸ ਪਰਜਾ ਨੂੰ ਮਿਸਰ ਤੋਂ ਲੈ ਕੇ ਹੁਣ ਤੀਕ ਬਖ਼ਸ਼ਿਆ ਹੈ ਇਨ੍ਹਾਂ ਦਾ ਕੁਧਰਮ ਮਾਫ਼ ਕਰ ਦੇਹ" (14:19)।

ਮੂਸਾ ਅੰਦਰ ਕਾਇਲ ਕਰਨ ਦੀ ਕਾਬਲੀਅਤ ਸੀ। ਪਰਮੇਸ਼ੁਰ ਨੇ ਉਸ ਦੀ ਬੇਨਤੀ ਨੂੰ ਸੁਣਿਆ ਅਤੇ ਆਖਿਆ, "ਤੇਰੇ ਆਖਣ ਅਨੁਸਾਰ ਮੈਂ ਉਨ੍ਹਾਂ ਨੂੰ ਮਾਫ਼ ਕੀਤਾ" (14:20)। ਇਸ ਤੱਥ ਦਾ ਇਹ ਕਿੰਨਾ ਵਧੀਆ ਉਦਾਹਰਣ ਹੈ ਕਿ "ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ" (ਯਾਕੂਬ 5:16)!

ਆਪਣੀ ਪਰਜਾ ਦੀ ਪਰਮੇਸ਼ੁਰ ਦੀ ਮਾਫ਼ੀ ਵਿਚ ਕੀ ਸ਼ਾਮਲ ਸੀ? ਇਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਦੋਸ਼ ਤੋਂ ਦੋਸ਼ ਮੁਕਤ ਨਹੀਂ ਸੀ ਜਾਂ ਉਨ੍ਹਾਂ ਨੂੰ ਸਜ਼ਾ ਤੋਂ ਨਹੀਂ ਸੀ ਬਚਾਇਆ। ਬਜਾਇ ਇਸ ਦੇ, ਇਸ ਨੇ ਪਰਮੇਸ਼ੁਰ ਦੀ ਇਸ ਧਮਕੀ ਨੂੰ ਹਟਾ ਦਿੱਤਾ ਕਿ ਉਹ ਇਸਰਾਏਲੀਆਂ ਨੂੰ ਪੂਰੀ ਤਰ੍ਹਾਂ ਨਾਸ ਕਰ ਦੇਵੇਗਾ। ਉਹ ਉਨ੍ਹਾਂ ਨੂੰ ਸਜ਼ਾ ਦੇਵੇਗਾ, ਪਰ ਉਹ ਉਨ੍ਹਾਂ ਨੂੰ ਤਿਆਗੇਗਾ ਨਹੀਂ। ਪਰਮੇਸ਼ੁਰ ਆਖ਼ਰਕਾਰ ਆਪਣੀ ਪਰਜਾ ਨੂੰ ਵਾਅਦੇ ਦੇ ਦੇਸ ਵਿਚ ਲੈ ਕੇ ਆਵੇਗਾ।

ਇਹ ਐਲਾਨ ਕਰਨ ਤੋਂ ਬਾਅਦ ਕਿ ਉਸ ਨੇ ਆਪਣੀ ਵਿਦਰੋਹੀ ਪਰਜਾ ਨੂੰ ਮਾਫ਼ ਕਰ ਦਿੱਤਾ ਸੀ, ਪਰਮੇਸ਼ੁਰ ਨੇ ਉਨ੍ਹਾਂ ਦੀ ਸਜ਼ਾ ਦਾ ਐਲਾਨ ਕੀਤਾ। ਕਿਉਂਕਿ ਪਰਜਾ ਨੇ ਉਨ੍ਹਾਂ ਨੂੰ ਉਹ ਦੇਸ ਦੇਣ ਦੀ ਪਰਮੇਸ਼ੁਰ ਦੀ ਯੋਗਤਾ ਤੇ ਸ਼ੱਕ ਕੀਤਾ ਸੀ ਜਿਸ ਦਾ ਪਰਮੇਸ਼ੁਰ ਨੇ ਉਨ੍ਹਾਂ ਨੂੰ ਵਾਅਦਾ ਦਿੱਤਾ ਸੀ, ਪਰਮੇਸ਼ੁਰ ਨੇ ਉਨ੍ਹਾਂ ਨੂੰ "ਦੁਸ਼ਟ ਮੰਡਲੀ" ਆਖਿਆ (14:27, 35)। ਪਰਮੇਸ਼ੁਰ ਨੇ ਆਖਿਆ ਕਿ ਉਨ੍ਹਾਂ ਨੇ ਦੇਸ ਨੂੰ ਰੱਦ ਦਿੱਤਾ ਸੀ (14:31) ਅਤੇ ਉਸ ਨੇ ਉਨ੍ਹਾਂ ਤੇ "ਬੁੜ ਬੁੜਾਉਣ" ਦਾ ਅਤੇ "ਬੇਵਫ਼ਾਈ" ਕਰਨ ਦਾ ਦੋਸ਼ ਲਾਇਆ ਸੀ (14:27, 29, 33)। ਪਰਮੇਸ਼ੁਰ ਨੇ ਐਲਾਨ ਕੀਤਾ ਸੀ ਕਿ ਉਹ ਉਸ ਦੇ ਵਿਰੁੱਧ ਇਕੱਠੇ ਹੋਏ ਸਨ (14:35)। ਇਸ ਲਈ, ਪਰਮੇਸ਼ੁਰ ਨੇ ਇਹ ਹੁਕਮ ਜਾਰੀ ਕਰਨ ਦੁਆਰਾ ਉਨ੍ਹਾਂ ਨੂੰ ਸਜ਼ਾ ਦਿੱਤੀ ਸੀ ਕਿ ਪਰਜਾ ਦੀ ਸਮੁੱਚੀ ਪੀੜ੍ਹੀ - ਯਹੋਸ਼ੁਆ ਅਤੇ ਕਾਲੇਬ ਨੂੰ ਛੱਡ ਕੇ - ਚਾਲੀ ਸਾਲ ਤੱਕ ਉਜਾੜ ਵਿਚ ਭਟਕਦੀ ਰਹੇਗੀ ਜਦੋਂ ਤੱਕ ਉਹ ਸਾਰੇ ਮਰ ਨਹੀਂ ਜਾਂਦੇ। ਉਨ੍ਹਾਂ ਦੇ ਨਿਆਣੇ, ਜਿਨ੍ਹਾਂ ਬਾਰੇ ਉਨ੍ਹਾਂ ਨੇ ਚਿੰਤਾ ਪਰਗਟ ਕੀਤੀ ਸੀ (14:3), ਫਿਰ ਦੇਸ ਵਿਚ ਦਾਖਲ ਹੋਣਗੇ। ਇਸ ਤੋਂ ਇਲਾਵਾ, ਬਾਕੀ ਦਸ ਖੋਜ ਕੱਢਣ ਵਾਲੇ ਜਿਹੜੇ ਬੁਰੀ ਖਬਰ ਲੈ ਕੇ ਆਏ ਸਨ "ਯਹੋਵਾਹ ਦੇ ਅੱਗੇ ਬਵਾ ਨਾਲ ਮਰ ਗਏ" (14:36, 37)।

ਪਰਮੇਸ਼ੁਰ ਨੇ ਆਪਣੀ ਪਰਜਾ ਤੇ ਇਸ ਲਈ ਇੰਨੇ ਸਖ਼ਤ ਨਿਆਂ ਦਾ ਐਲਾਨ ਕੀਤਾ ਸੀ ਕਿਉਂਕਿ ਦੋ ਚੀਜ਼ਾਂ ਨੇ ਉਨ੍ਹਾਂ ਦੇ ਪਾਪ ਨੂੰ ਬਹੁਤ ਬੁਰਾ ਬਣਾ ਦਿੱਤਾ ਸੀ: (a) ਉਨ੍ਹਾਂ ਕੋਲ ਉਨ੍ਹਾਂ ਦੀ ਬੇਪਰਤੀਤੀ ਦੇ ਲਈ ਕੋਈ ਬਹਾਨਾ ਨਹੀਂ ਸੀ। ਉਨ੍ਹਾਂ ਨੇ ਪਰਮੇਸ਼ੁਰ ਦੇ ਪਰਤਾਪ ਨੂੰ ਅਤੇ ਉਨ੍ਹਾਂ ਸਾਰੇ ਨਿਸ਼ਾਨਾਂ ਨੂੰ ਵੇਖਿਆ ਸੀ ਜੋ ਪਰਮੇਸ਼ੁਰ ਨੇ ਮਿਸਰ ਵਿਚ ਅਤੇ ਉਜਾੜ ਵਿਚ ਕੀਤੇ ਸਨ (14:22)। ਇਸਰਾਏਲੀਆਂ ਨੂੰ ਇਹ ਜਾਣ ਲੈਣਾ ਚਾਹੀਦਾ ਸੀ ਕਿ ਉਹ ਪਰਮੇਸ਼ੁਰ ਜਿਹੜਾ ਇਹੋ ਜਿਹੇ ਅਚਰਜ ਕੰਮ ਕਰ ਸਕਦਾ ਸੀ ਉਨ੍ਹਾਂ ਨੂੰ ਅਸਾਨੀ ਨਾਲ ਉਹ ਦੇਸ ਦੇ ਸਕਦਾ ਸੀ ਜਿਸ ਦਾ ਉਸ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ। (b) ਉਨ੍ਹਾਂ ਨੇ ਕਈ ਵਾਰ ਪਾਪ ਕੀਤਾ ਸੀ। ਪਰਮੇਸ਼ੁਰ ਨੇ ਆਖਿਆ ਕਿ ਉਨ੍ਹਾਂ ਨੇ "ਮੈਨੂੰ ਹੁਣ ਤੀਕ ਦਸ ਵਾਰ ਪਰਤਾਇਆ ਅਤੇ ਮੇਰੀ ਅਵਾਜ਼ ਨਹੀਂ ਸੁਣੀ" (14:22)। ਉਨ੍ਹਾਂ ਨੇ ਇਕ ਪਾਪ ਤੇ ਦੂਜਾ ਪਾਪ ਕਰਕੇ ਪਾਪਾਂ ਦਾ ਢੇਰ ਲਾ ਦਿੱਤਾ ਸੀ - ਇਹ ਪਾਪਾਂ ਦੀ ਇਕ ਸਮੁੱਚੀ ਲੜੀ ਦੀ ਚਰਮ ਸੀਮਾ ਸੀ - ਅਤੇ ਪਰਮੇਸ਼ੁਰ ਨੇ ਆਖ਼ਰਕਾਰ ਆਪਣੇ ਧੀਰਜ ਨੂੰ ਗੁਆ ਦਿੱਤਾ ਸੀ। ਪਰਮੇਸ਼ੁਰ ਧੀਰਜ ਰੱਖਣ ਵਾਲਾ ਪਰਮੇਸ਼ੁਰ ਹੈ (ਜਿਵੇਂ ਕਿ 2 ਪਤਰਸ 3:9

ਆਖਦੀ ਹੈ), ਪਰ ਉਸ ਦੀ ਪਰਜਾ ਨੇ ਹੱਦ ਕਰ ਦਿੱਤੀ ਸੀ ਅਤੇ ਉਹ "ਵਾਪਸ ਨਾ ਮੁੜਨ ਦੀ ਹੱਦ" ਤੀਕ ਪਹੁੰਚ ਗਈ ਸੀ। ਸਜ਼ਾ ਤੋਂ ਇਲਾਵਾ ਉਨ੍ਹਾਂ ਦੇ ਲਈ ਕੁਝ ਨਹੀਂ ਸੀ ਬਚਿਆ!

4. ਪਰਮੇਸ਼ੁਰ ਦੇ ਹੁਕਮ ਦੇ ਪ੍ਰਤੀ ਪਰਜਾ ਦਾ ਜਵਾਬ ਕੀ ਸੀ? ਜਦੋਂ ਪਰਜਾ ਨੇ ਪਰਮੇਸ਼ੁਰ ਦੇ ਹੁਕਮ ਨੂੰ ਸੁਣਿਆ ਕਿ ਉਹ ਉਜਾੜ ਵਿਚ ਨਾਸ ਹੋ ਜਾਣਗੇ, ਉਨ੍ਹਾਂ ਨੇ ਪਹਿਲਾਂ "ਵੱਡਾ ਵਿਰਲਾਪ ਕੀਤਾ" (14:39)। ਫਿਰ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਹ ਦੇਸ ਉੱਤੇ ਕਬਜ਼ਾ ਕਰਨ ਦੇ ਲਈ ਅੱਗੇ ਵੱਧਣ ਦੁਆਰਾ ਉਨ੍ਹਾਂ ਦੀ ਨਿਹਚਾ ਦੀ ਪਹਿਲੀ ਕਮੀ ਨੂੰ ਪੂਰਾ ਕਰਨਗੇ। ਉਨ੍ਹਾਂ ਦੀ ਸੋਚ ਭਾਵੇਂ ਕੁਝ ਵੀ ਸੀ, ਉਨ੍ਹਾਂ ਨੇ ਆਖਿਆ, "ਅਸੀਂ ਹੀ ਉਸ ਥਾਂ ਨੂੰ ਉਤਾਹਾਂ ਜਾਵਾਂਗੇ ਜਿਹ ਦੇ ਲਈ ਯਹੋਵਾਹ ਨੇ ਫ਼ਰਮਾਇਆ ਹੈ ਕਿਉਂ ਜੋ ਅਸਾਂ ਪਾਪ ਕੀਤਾ ਹੈ" (14:40)।

ਮੂਸਾ ਨੇ ਪਰਜਾ ਨੂੰ ਅਜਿਹਾ ਕੰਮ ਕਰਨ ਦੇ ਵਿਰੁੱਧ ਚਿਤਾਵਨੀ ਦਿੱਤੀ ਸੀ ਅਤੇ ਉਨ੍ਹਾਂ ਨੂੰ ਆਖਿਆ ਸੀ ਕਿ ਇਸ ਤਰ੍ਹਾਂ ਕਰਕੇ ਉਹ "ਯਹੋਵਾਹ ਦੇ ਹੁਕਮ ਦਾ ਉਲੰਘਣ" ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਸਫ਼ਲ ਨਹੀਂ ਹੋਣਗੇ, ਪਰ ਉਨ੍ਹਾਂ ਦੇ ਵੈਰੀਆਂ ਦੇ ਸਨਮੁਖ ਮਾਰ ਦਿੱਤੇ ਜਾਣਗੇ ਕਿਉਂਕਿ ਪਰਮੇਸ਼ੁਰ ਉਨ੍ਹਾਂ ਦੇ ਸੰਗ ਨਹੀਂ ਹੋਵੇਗਾ (14:41-43)। ਮੂਸਾ ਦੀਆਂ ਗੱਲਾਂ ਦੇ ਬਾਵਜੂਦ, ਅਸੀਂ ਪੜ੍ਹਦੇ ਹਾਂ,

> ਪਰੰਤੂ ਓਹ ਹਠ ਧਰਮੀ ਨਾਲ ਪਹਾੜ ਦੀ ਟੀਸੀ ਉੱਤੇ ਚੜ੍ਹ ਗਏ ਪਰ ਯਹੋਵਾਹ ਦੇ ਨੇਮ ਦਾ ਸੰਦੂਕ ਅਤੇ ਮੂਸਾ ਡੇਰੇ ਦੇ ਵਿੱਚੋਂ ਨਾ ਗਏ। ਤਾਂ ਅਮਾਲੇਕੀ ਅਤੇ ਕਨਾਨੀ ਜਿਹੜੇ ਉਸ ਪਹਾੜ ਉੱਤੇ ਵੱਸਦੇ ਸਨ ਹੇਠਾਂ ਆਏ ਅਤੇ ਉਨ੍ਹਾਂ ਨੂੰ ਮਾਰਿਆ ਅਤੇ ਉਨ੍ਹਾਂ ਨੂੰ ਹਾਰਮਾਹ ਤੀਕ ਵੱਢਦੇ ਗਏ (14:44, 45)।

ਸਪੱਸ਼ਟ ਤੌਰ ਤੇ, ਪਰਮੇਸ਼ੁਰ ਇਸਰਾਏਲੀਆਂ ਨੂੰ ਇਹ ਸਿਖਾਉਣਾ ਚਾਹੁੰਦਾ ਸੀ - ਅਤੇ ਸਾਨੂੰ ਵੀ ਇਹ ਸਿਖਾਉਣਾ ਚਾਹੁੰਦਾ ਹੈ - ਕਿ ਉਸ ਦੀ ਪਰਜਾ ਇਕੱਲੀ ਵੈਰੀਆਂ ਤੇ ਜਿੱਤ ਨਹੀਂ ਪਾ ਸਕਦੀ। ਜਿਵੇਂ ਇਸਰਾਏਲੀਆਂ ਨੂੰ ਪਰਮੇਸ਼ੁਰ ਦੀ ਸਹਾਇਤਾ ਦੀ ਲੋੜ ਸੀ, ਅੱਜ ਮਸੀਹੀ ਲੋਕਾਂ ਨੂੰ ਵੀ ਉਸ ਦੀ ਸਹਾਇਤਾ ਦੀ ਲੋੜ ਹੈ! ਪਰਮੇਸ਼ੁਰ ਨਾਲ ਹੈ, ਤਾਂ ਸਭ ਚੀਜ਼ਾਂ ਸੰਭਵ ਹਨ (ਅਫ਼ਸੀਆਂ 3:20; ਫ਼ਿਲਿੱਪੀਆਂ 4:13)। ਪਰਮੇਸ਼ੁਰ ਨਾਲ ਨਹੀਂ ਹੈ, ਤਾਂ ਸਾਨੂੰ ਜਿੱਤ ਦੀ ਆਸ ਨਹੀਂ ਹੈ।

*ਅੱਜ ਦੇ ਸਮੇਂ ਵਿਚ ਬੇਪਰਤੀਤੀ ਦਾ ਪਾਪ।* ਇਸਰਾਏਲ ਦੇ ਪਾਪ ਅਤੇ ਉਸ ਪਾਪ ਦੀ ਪਰਮੇਸ਼ੁਰ ਦੀ ਸਜ਼ਾ ਤੋਂ, ਅਸੀਂ ਨਿਹਚਾ ਦੀ ਲੋੜ ਨੂੰ ਵੇਖ ਸਕਦੇ ਹਾਂ। ਇਸਰਾਏਲ ਇਸ ਲਈ ਅਸਫ਼ਲ ਹੋਇਆ ਕਿਉਂਕਿ ਪਰਜਾ ਨੇ ਪਰਮੇਸ਼ੁਰ ਤੇ ਇਸ ਗੱਲ ਦਾ ਭਰੋਸਾ ਨਹੀਂ ਸੀ ਕਿ ਪਰਮੇਸ਼ੁਰ ਆਪਣੇ ਵਾਅਦਿਆਂ ਨੂੰ ਪੂਰਾ ਕਰੇਗਾ। ਸਾਨੂੰ ਵੀ, ਪਰਮੇਸ਼ੁਰ ਤੇ ਅਤੇ ਉਸ ਦੀ ਯੋਗਤਾ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਉਹ ਸਭ ਪੂਰਾ ਕਰੇਗਾ ਜੋ ਉਸ ਨੇ ਕਰਨ ਦਾ ਵਾਅਦਾ ਕੀਤਾ ਹੈ। ਕੀ ਯਿਸੂ ਨੇ ਹਰ ਵੇਲੇ ਸਾਡੇ ਨਾਲ ਰਹਿਣ ਦਾ ਵਾਅਦਾ ਨਹੀਂ ਕੀਤਾ ਹੈ (ਮੱਤੀ 28:20)? ਇਸ ਦਾ ਅਰਥ ਇਹ ਹੈ ਕਿ ਉਹ ਹਰ ਵੇਲੇ ਸਾਡੇ ਨਾਲ ਰਹੇਗਾ! ਕੀ ਯਿਸੂ ਨੇ ਸਾਨੂੰ ਨਾ ਕਦੇ ਛੱਡਣ ਅਤੇ ਨਾ ਕਦੇ ਤਿਆਗਣ ਦਾ ਵਾਅਦਾ ਨਹੀਂ ਕੀਤਾ ਹੈ (ਇਬਰਾਨੀਆਂ 13:5)? ਉਹ ਉਸ ਵਾਅਦੇ ਨੂੰ ਪੂਰਾ ਕਰੇਗਾ! ਕੀ ਸਾਨੂੰ ਉਸ ਨੇ ਸੁਰਗ ਦਾ ਵਾਅਦਾ ਨਹੀਂ ਕੀਤਾ ਹੈ (ਯੂਹੰਨਾ 14:1-3)? ਤਾਂ ਫਿਰ ਇਕ ਨਾ ਇਕ ਦਿਨ ਅਸੀਂ ਸੁਰਗ ਵਿਚ ਹੋਵਾਂਗੇ! ਆਓ ਅਸੀਂ ਪਰਮੇਸ਼ੁਰ ਤੇ ਭਰੋਸਾ ਕਰੀਏ ਕਿ ਪਰਮੇਸ਼ੁਰ ਸਾਨੂੰ ਉਹ ਜ਼ਰੂਰ ਦੇਵੇਗਾ ਜਿਸ ਦਾ ਉਸ ਨੇ ਸਾਨੂੰ ਵਾਅਦਾ ਕੀਤਾ ਹੈ।

ਇਸ ਤੋਂ ਇਲਾਵਾ, ਇਸਰਾਏਲ ਦੀ ਕਹਾਣੀ ਇਹ ਵਿਖਾਉਂਦੀ ਹੈ ਕਿ ਪਰਮੇਸ਼ੁਰ ਦੀ ਪਰਜਾ ਦੇ ਲਈ ਡਿੱਗਣਾ (ਬੇਮੁਖ ਹੋਣਾ) ਸੰਭਵ ਹੈ। ਨਵੇਂ ਨੇਮ ਦੇ ਦੋ ਲੇਖਕਾਂ ਨੇ ਮਸੀਹੀ ਲੋਕਾਂ ਨੂੰ ਡਿੱਗਣ (ਬੇਮੁਖ ਹੋਣ) ਵਿਰੁੱਧ ਚਿਤਾਵਨੀ ਦਿੰਦਿਆਂ ਇਸ ਘਟਨਾ ਦਾ ਹਵਾਲਾ ਦਿੱਤਾ ਸੀ। 1 ਕੁਰਿੰਥੀਆਂ

10:1-11 ਵਿਚ, ਪੌਲੁਸ ਨੇ ਉਨ੍ਹਾਂ ਇਸਰਾਏਲੀਆਂ ਦਾ ਜ਼ਿਕਰ ਕੀਤਾ ਸੀ ਜਿਨ੍ਹਾਂ ਨੂੰ ਮਿਸਰ ਵਿੱਚੋਂ ਛੁਡਾਇਆ ਗਿਆ ਸੀ ਅਤੇ ਪਰਮੇਸ਼ੁਰ ਦੁਆਰਾ ਬਰਕਤ ਦਿੱਤੀ ਗਈ ਸੀ ਪਰ ਫਿਰ ਵੀ ਉਹ ਉਜਾੜ ਵਿਚ ਡਿੱਗ (ਬੇਮੁਖ ਹੋ) ਗਏ। ਉਸ ਨੇ ਇਸੇ ਤਰ੍ਹਾਂ ਦੇ ਪਾਪ ਕਰਨ ਵਿਰੁੱਧ ਮਸੀਹੀ ਲੋਕਾਂ ਨੂੰ ਚਿਤਾਵਨੀ ਦੇਣ ਦੇ ਲਈ ਉਨ੍ਹਾਂ ਨੂੰ ਇਕ ਉਦਾਹਰਣ ਦੇ ਰੂਪ ਵਿਚ ਵਰਤਿਆ ਸੀ। ਉਸ ਨੇ ਇਹ ਕਹਿਣ ਦੁਆਰਾ ਸਿੱਟਾ ਕੱਢਿਆ ਸੀ ਕਿ "ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ" (1 ਕੁਰਿੰਥੀਆਂ 10:12)। ਇਬਰਾਨੀਆਂ ਦੇ ਲੇਖਕ ਨੇ, 3 ਅਤੇ 4 ਅਧਿਆਵਾਂ ਵਿਚ, ਇਸੇ ਤਰ੍ਹਾਂ ਦਾ ਕੁਝ ਕੀਤਾ ਸੀ। ਉਸ ਨੇ ਮਸੀਹੀ ਲੋਕਾਂ ਨੂੰ ਡਿੱਗਣ ਦੇ ਵਿਰੁੱਧ ਚਿਤਾਵਨੀ ਦੇਣ ਦੇ ਲਈ ਇਸਰਾਏਲੀਆਂ ਨੂੰ ਉਦਾਹਰਣ ਦੇ ਰੂਪ ਵਿਚ ਵਰਤਿਆ ਸੀ ਜਿਹੜੇ ਉਜਾੜ ਵਿਚ ਡਿੱਗ ਪਏ ਸਨ (ਵੇਖੋ ਖਾਸ ਕਰਕੇ ਇਬਰਾਨੀਆਂ 3:16-19; 4:11)। ਨਵੇਂ ਨੇਮ ਵਿਚ ਇਸਰਾਏਲ ਦੇ ਡਿੱਗਣ ਦੀ ਵਰਤੋਂ ਇਹ ਸਾਬਤ ਕਰਦੀ ਹੈ ਕਿ ਮਸੀਹੀ ਲੋਕਾਂ ਦੇ ਲਈ ਕਿਰਪਾ ਤੋਂ ਡਿੱਗ ਕੇ ਨਾਸ ਹੋਣਾ ਸੰਭਵ ਹੈ।

ਇਸਰਾਏਲੀਆਂ ਵਿੱਚੋਂ ਕਿੰਨੇ ਜਣੇ ਵਾਅਦੇ ਦੀ ਧਰਤੀ ਵਿਚ ਦਾਖਲ ਹੋਏ? ਗਿਣਤੀ ਕੀਤੇ ਗਏ 600,000 ਮਨੁੱਖਾਂ ਵਿੱਚੋਂ ਜਿਹੜੇ ਮਿਸਰ ਵਿੱਚੋਂ ਨਿੱਕਲੇ ਸਨ, ਸਿਰਫ ਦੋ ਜਣੇ - ਯਹੋਸ਼ੁਆ ਅਤੇ ਕਾਲੇਬ - ਕਨਾਨ ਵਿਚ ਦਾਖਲ ਹੋਏ। 600,000 ਵਿੱਚੋਂ ਦੋ ਜਣੇ! ਇਹ "ਬਹੁਤ ਥੋੜ੍ਹੇ" ਸ਼ਬਦਾਵਲੀ ਨੂੰ ਇਕ ਨਵਾਂ ਅਰਥ ਦਿੰਦਾ ਹੈ। ਸਾਡੀਆਂ ਮੰਡਲੀਆਂ ਵਿਚ ਕਿੰਨੇ ਮਸੀਹੀ ਲੋਕ ਆਖ਼ਰਕਾਰ ਸਾਡੇ "ਵਾਅਦੇ ਦੇ ਦੇਸ" ਅਰਥਾਤ ਸੁਰਗ ਵਿਚ ਦਾਖਲ ਹੋਣਗੇ? ਆਓ ਅਸੀਂ ਇਕ ਦੂਜੇ ਨੂੰ ਉਤਸ਼ਾਹਿਤ ਕਰੀਏ ਤਾਂ ਕਿ, ਜੇਕਰ ਸੰਭਵ ਹੋਵੇ, ਸਾਡੇ ਵਿੱਚੋਂ ਕੋਈ ਵੀ ਜੀਉਂਦੇ ਪਰਮੇਸ਼ੁਰ ਤੋਂ ਬੇਮੁਖ ਨਾ ਹੋਵੇ (ਇਬਰਾਨੀਆਂ 3:12)।

### ਪਰਮੇਸ਼ੁਰ ਨਾਲ ਖੜ੍ਹੇ ਹੋਣ ਦੀ ਮਹੱਤਤਾ (14:22-24)

ਇਸਰਾਏਲ ਵਿਚ ਧਰਮੀ ਲੋਕ ਹਮੇਸ਼ਾ ਤੋਂ ਹੀ ਬਹੁਤ ਘੱਟ ਸਨ: ਮੂਸਾ ਅਤੇ ਹਾਰੂਨ, ਯਹੋਸ਼ੁਆ ਅਤੇ ਕਾਲੇਬ, ਲੇਵੀ। ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਖੜ੍ਹੇ ਹੋਣ ਦੀ ਅਗਵਾਈ ਕੀਤੀ, ਪਰਜਾ ਨੂੰ ਉਨ੍ਹਾਂ ਦੇ ਨਾਲ ਖੜ੍ਹਾ ਹੋਣ ਦੇ ਲਈ ਸੱਦਿਆ ਗਿਆ ਸੀ। ਸਿਰਫ ਕੁਝ ਲੋਕਾਂ ਨੇ ਉਨ੍ਹਾਂ ਦੇ ਨਾਲ ਖੜ੍ਹੇ ਹੋਣਾ ਚੁਣਿਆ ਸੀ।

ਇਹ ਇਕ ਅਜਿਹਾ ਸਿਧਾਂਤ ਹੈ ਜੋ ਸਾਡੇ ਜੀਵਨਾਂ ਦਾ ਹਿੱਸਾ ਹੋਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਅਸੀਂ ਵੱਧ ਗਿਣਤੀ ਲੋਕਾਂ ਦਾ ਹਿੱਸਾ ਨਾ ਹੋਈਏ। ਪਰਮੇਸ਼ੁਰ ਧਾਰਮਿਕਤਾ ਦੀ ਮਿਆਰ ਹੈ। ਗਿਣਤੀ ਕੋਈ ਮਾਇਨੇ ਨਹੀਂ ਰੱਖਦੀ; ਸਹੀ ਹੋਣਾ ਜ਼ਰੂਰ ਮਾਇਨੇ ਰੱਖਦਾ ਹੈ। ਸੱਚਾਈ ਹਮੇਸ਼ਾ ਸੱਚਾਈ ਹੀ ਰਹੇਗੀ ਭਾਵੇਂ ਕੋਈ ਇਸ ਤੇ ਵਿਸ਼ਵਾਸ ਕਰੇ ਜਾਂ ਨਾ ਕਰੇ ਅਤੇ ਇਸ ਦਾ ਪਾਲਣ ਕਰੇ ਜਾਂ ਨਾ ਕਰੇ। ਪਰਮੇਸ਼ੁਰ ਇਸਰਾਏਲ ਦੇ ਪ੍ਰਤੀ ਆਪਣੇ ਵਾਅਦੇ ਵਿਚ ਵਫ਼ਾਦਾਰ ਰਿਹਾ ਸੀ, ਭਾਵੇਂ ਕਿ ਉਹ ਕਦੇ ਉਸ ਦੇਸ ਵਿਚ ਨਹੀਂ ਗਏ। ਉਨ੍ਹਾਂ ਦੀ ਬੇਵਫ਼ਾਈ ਨੇ ਪਰਮੇਸ਼ੁਰ ਦੇ ਵਾਅਦੇ ਅਤੇ ਇਸ ਦੀ ਸੱਚਾਈ ਨੂੰ ਰੱਦ ਨਹੀਂ ਕੀਤਾ। ਜਦੋਂ ਅਸੀਂ ਮਾਪੇ ਹੋਣ ਦੇ ਨਾਤੇ ਅਪ੍ਰਸਿੱਧ ਫ਼ੈਸਲੇ ਲੈਂਦੇ ਹਾਂ, ਅਸੀਂ ਇਹ ਵਿਸ਼ਵਾਸ ਕਰ ਸਕਦੇ ਹਾਂ ਕਿ ਅਸੀਂ ਇਕੱਲੇ ਖੜ੍ਹੇ ਹਾਂ। ਪਰ, ਪਹਿਲੀ ਗੱਲ ਜੇਕਰ ਇਹ ਫ਼ੈਸਲਾ ਲੈਣਾ ਸਹੀ ਸੀ, ਇਹ ਸਹੀ ਰਹਿੰਦਾ ਹੈ - ਭਾਵੇਂ ਇਸ ਦੀ ਕਦੇ ਪ੍ਰਸ਼ੰਸਾ ਕੀਤੀ ਜਾਂਦੀ ਹੈ ਜਾਂ ਨਹੀਂ। ਜਦ ਕਦੇ ਇਕ ਮੰਡਲੀ ਦੇ ਆਗੂ ਉਹ ਫ਼ੈਸਲਾ ਲੈਂਦੇ ਹਨ ਜੋ ਸਹੀ ਹੈ, ਉਨ੍ਹਾਂ ਅੰਦਰ ਉਸ ਫ਼ੈਸਲੇ ਤੇ ਟਿਕੇ ਰਹਿਣ ਦੀ ਦਿਲੇਰੀ ਹੋਣੀ ਚਾਹੀਦੀ ਹੈ। ਸਾਨੂੰ ਪਰਮੇਸ਼ੁਰ ਦੇ ਵਚਨ ਦੀ ਧਾਰਮਿਕਤਾ ਵਿਚ ਪਰਮੇਸ਼ੁਰ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ, ਤਦ ਵੀ ਜਦੋਂ ਇਹ ਅਪ੍ਰਸਿੱਧ ਹੁੰਦਾ ਹੈ।

ਸਦੀਪਕ ਮੁਕਤੀ ਦੇ ਲਈ ਇਕ ਪ੍ਰਾਸੰਗਿਕਤਾ ਬਣਾਈ ਜਾਣੀ ਚਾਹੀਦੀ ਹੈ ਜਦੋਂ ਅਸੀਂ ਪਰਮੇਸ਼ੁਰ ਦੇ ਨਾਂਹ ਕਹਿਣ ਤੇ ਵਿਚਾਰ ਕਰਦੇ ਹਾਂ। ਪਿਤਾ ਦੇ ਨਾਲ ਸਹੀ ਰਿਸ਼ਤੇ ਵਿਚ ਦਾਖਲ

ਹੋਣ ਸੰਬੰਧੀ, ਯਿਸੂ ਨੇ ਆਖਿਆ, "ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ" (ਯੂਹੰਨਾ 14:6)। ਜੇਕਰ "ਕੋਈ" ਮਸੀਹ ਤੋਂ ਬਾਹਰ ਪਿਤਾ ਦੇ ਨਾਲ ਸਹੀ ਨਹੀਂ ਹੋ ਸਕਦਾ, ਤਾਂ ਖੁਸ਼ਖ਼ਬਰੀ ਦਾ ਪਾਲਣ ਕੀਤੇ ਬਿਨ੍ਹਾਂ ਕਿੰਨੇ ਲੋਕ ਬਚਾਏ ਜਾਣਗੇ? ਕੋਈ ਵੀ ਨਹੀਂ। ਦੁੱਖ ਦੀ ਗੱਲ ਇਹ ਹੈ ਕਿ ਕੁਝ ਲੋਕ ਨਿਆਂ ਨੂੰ ਇਕ ਅਜਿਹੇ ਸਮੇਂ ਦੇ ਰੂਪ ਵਿਚ ਵੇਖਦੇ ਹਨ ਜਦੋਂ ਉਨ੍ਹਾਂ ਕੋਲ ਉਨ੍ਹਾਂ ਦੀ ਆਤਮਿਕ ਅਵਸਥਾ ਬਾਰੇ ਪਰਮੇਸ਼ੁਰ ਦੇ ਮਨ ਨੂੰ ਬਦਲਣ ਦਾ ਮੌਕਾ ਹੁੰਦਾ ਹੈ। ਬਾਈਬਲ ਕਹਿੰਦੀ ਹੈ ਕਿ ਨਿਆਂ ਇਸ ਬਾਰੇ ਨਹੀਂ ਹੈ। ਵਿਅਕਤੀ ਦੇ ਜੀਵਨ ਵਿਚ ਪਰਮੇਸ਼ੁਰ ਦੀ ਯੋਜਨਾ ਪੂਰੀ ਹੋਣੀ ਹੈ। ਸਜ਼ਾ ਉਸ ਦੀ ਮੌਤ ਤੋਂ ਬਾਅਦ ਸੁਣਾਈ ਜਾਵੇਗੀ (ਇਬਰਾਨੀਆਂ 9:27)।

ਸਕਾਰਾਤਮਕ ਪੱਖੋਂ, ਪਰਮੇਸ਼ੁਰ ਦੀ ਵੀ ਹਾਂ ਹੀ ਹੁੰਦੀ ਹੈ ਜਦੋਂ ਉਹ ਹਾਂ ਕਹਿੰਦਾ ਹੈ। ਉਹ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ ਅਤੇ ਆਪਣੀਆਂ ਸੌਂਹਾਂ ਨੂੰ ਪੂਰਾ ਕਰਦਾ ਹੈ, ਖਾਸਕਰ ਉਨ੍ਹਾਂ ਨੂੰ ਜੋ ਮੁਕਤੀ ਦੇ ਸੰਬੰਧ ਵਿਚ ਹਨ। ਆਓ ਅਸੀਂ ਉਸ ਦੀ ਇੱਛਾ ਅਨੁਸਾਰ ਜੀਵਨ ਜੀਈਏ ਅਤੇ ਉਸ ਦੇ ਨਾਲ ਖੜ੍ਹੇ ਹੋਈਏ।

## ਇਸਰਾਏਲ ਦੇ ਵੱਡੇ ਪਾਪ ਦੇ ਲਈ ਸਜ਼ਾ (14:22-35)

ਦੇਸ ਨੂੰ ਲੈਣ ਤੋਂ ਇਨਕਾਰ ਕਰਨ ਦੇ ਪਾਪ ਦੀ ਪਰਮੇਸ਼ੁਰ ਨੇ ਇੰਨੀ ਸਖ਼ਤ ਸਜ਼ਾ ਕਿਉਂ ਦਿੱਤੀ ਸੀ? ਇਹ ਪਾਪ ਆਪਣੇ ਆਪ ਵਿਚ ਭਿਆਣਕ ਸੀ। ਇਹ ਅਧਿਆਇ ਉਨ੍ਹਾਂ ਦੇ ਪਾਪ ਦੇ ਬਾਰੇ ਮਜ਼ਬੂਤ ਸ਼ਬਦਾਂ ਵਿਚ ਗੱਲ ਕਰਦਾ ਹੈ: ਪਰਮੇਸ਼ੁਰ ਦੇ ਵਿਰੁੱਧ ਆਕੀ ਹੋਣ ਵਜੋਂ (14:9), ਪਰਮੇਸ਼ੁਰ ਦੀ ਨਿਰਾਦਰੀ ਵਜੋਂ (14:11), ਬੇਪਰਤੀਤੀ ਵਜੋਂ (14:11), ਕੁਧਰਮ ਵਜੋਂ (14:19), ਪਰਮੇਸ਼ੁਰ ਦੇ ਵਿਰੁੱਧ ਬੁੜ ਬੁੜਾਉਣ ਵਜੋਂ (14:27, 29, 36) ਅਤੇ ਉਸ ਦੇਸ ਨੂੰ ਰੱਦਣ ਵਜੋਂ ਜਿਸ ਦਾ ਪਰਮੇਸ਼ੁਰ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ (14:31)।

ਪਰ, ਪਰਜਾ ਦੁਆਰਾ ਕੀਤੇ ਗਏ ਵਿਸ਼ੇਸ਼ ਪਾਪ ਦਾ ਮਾਪ ਜਦੋਂ ਉਨ੍ਹਾਂ ਨੇ ਉੱਪਰ ਜਾਣ ਤੋਂ ਇਨਕਾਰ ਕਰ ਦਿੱਤਾ ਸਵਾਲ ਦੇ ਉੱਤਰ ਦਾ ਸਿਰਫ ਹਿੱਸਾ ਹੈ। ਕੂਚ 32 ਅਧਿਆਇ ਵਿਚ ਸੋਨੇ ਦੇ ਬੱਛੇ ਦੀ ਪੂਜਾ ਕਰਨ ਦਾ ਇਸਰਾਏਲੀਆਂ ਦਾ ਪਾਪ ਇਸ ਪਾਪ ਜਿੰਨਾ ਘਿਣਾਉਣਾ ਨਹੀਂ ਜਾਪਦਾ, ਫਿਰ ਵੀ ਪਰਮੇਸ਼ੁਰ ਨੇ ਇਸ ਦੇ ਕਾਰਣ ਇਕ ਪੀੜ੍ਹੀ ਨੂੰ ਨਾਸ ਨਹੀਂ ਕੀਤਾ। ਇਸ ਸਵਾਲ ਦਾ ਜਵਾਬ ਕਿ ਇਸ ਵਿਸ਼ੇਸ਼ ਪਾਪ ਦੇ ਲਈ ਪਰਮੇਸ਼ੁਰ ਉਨ੍ਹਾਂ ਨਾਲ ਇੰਨੀ ਸਖ਼ਤੀ ਨਾਲ ਪੇਸ਼ ਕਿਉਂ ਆਇਆ ਇਹ ਹੈ ਕਿ ਇਹ ਅਪਰਾਧਾਂ ਦੀ ਸਮੁੱਚੀ ਲੜੀ ਵਿਚ ਸਿਖਰ ਤੇ ਪਹੁੰਚਣ ਵਾਲਾ ਪਾਪ ਸੀ (14:22, 23)। ਬਾਰ-ਬਾਰ ਪਾਪ ਕਰਨ ਵਾਲੇ ਉਨ੍ਹਾਂ ਦੇ ਸੁਭਾਅ ਦੇ ਕਾਰਣ, ਇਸਰਾਏਲ ਦੇ ਅਪਰਾਧ ਨੂੰ "ਛਨਾਲਾ" ਕਿਹਾ ਗਿਆ ਹੈ (14:33) ਅਤੇ ਪਰਜਾ ਨੂੰ "ਦੁਸ਼ਟ ਮੰਡਲੀ" ਕਿਹਾ ਗਿਆ ਹੈ ਜਿਹੜੀ "[ਪਰਮੇਸ਼ੁਰ] ਦੇ ਵਿਰੁੱਧ ਇਕੱਠੀ ਹੋਈ ਸੀ" (14:35; ਵੇਖੋ 14:27)।

ਇਸਰਾਏਲੀਆਂ ਦੇ ਨਿਹਚਾ ਤੋਂ ਫਿਰ ਜਾਣ ਅਤੇ ਇਸ ਦੇ ਨਤੀਜਿਆਂ ਨੂੰ ਸਮਝਣ ਦੀ ਕੁੰਜੀ ਇਹ ਸਮਝਣਾ ਹੈ ਕਿ ਇਸਰਾਏਲੀਆਂ ਕੋਲ ਉਨ੍ਹਾਂ ਦੀ ਬੇਪਰਤੀਤੀ ਦੇ ਲਈ ਕੋਈ ਬਹਾਨਾ ਨਹੀਂ ਸੀ ਅਤੇ ਉਨ੍ਹਾਂ ਨੇ *ਬਾਰ-ਬਾਰ* ਪਾਪ ਕੀਤਾ। ਇਸਰਾਏਲੀਆਂ ਦੇ ਨਿਹਚਾ ਤੋਂ ਫਿਰ ਜਾਣ ਦੀ ਕਹਾਣੀ ਇਹ ਸਿੱਖਿਆ ਦਿੰਦੀ ਹੈ ਕਿ ਪਰਮੇਸ਼ੁਰ ਧੀਰਜਵਾਨ ਅਤੇ ਮਾਫ਼ ਕਰਨ ਵਾਲਾ ਹੈ ਪਰ ਆਖ਼ਰਕਾਰ ਉਸ ਦਾ ਗੁੱਸਾ ਭੜਕ ਉੱਠਦਾ ਹੈ! ਜਦੋਂ ਉਹ ਜਿਨ੍ਹਾਂ ਨੂੰ ਉਸ ਨੂੰ ਜਾਣਨ ਦਾ ਵਿਸ਼ੇਸ਼ ਮੌਕਾ ਮਿਲ ਚੁੱਕਾ ਹੈ ਉਸ ਦੇ ਵਿਰੁੱਧ ਪਾਪ ਕਰਨਾ ਜਾਰੀ ਰੱਖਦੇ ਹਨ, ਸਜ਼ਾ ਲਾਜ਼ਮੀ ਹੈ। ਨਿਰੰਤਰ ਦੋਸ਼ੀ ਠਹਿਰਣ ਵਾਲੇ ਪਰਮੇਸ਼ੁਰ ਦੇ ਕ੍ਰੋਧ ਦਾ ਅਨੁਭਵ ਕਰਨ ਦੀ ਉਮੀਦ ਕਰ ਸਕਦੇ ਹਨ!

## ਨਿਆਂ ਵਾਲੀ ਪਰਮੇਸ਼ੁਰ ਦੀ ਸਜ਼ਾ (14:22, 23, 28-35)

ਅਮਰੀਕਾ ਵਿਚ ਇਕ ਅਪਰਾਧੀ ਜੋ ਮੌਤ ਦੀ ਸਜ਼ਾ ਦਾ ਦੋਸ਼ੀ ਪਾਇਆ ਗਿਆ ਸੀ ਉਸ ਦੇ

ਸੰਬੰਧ ਵਿਚ ਇਕ ਮੁਹਾਵਰਾ ਵਰਤਿਆ ਗਿਆ ਹੈ। ਜਦੋਂ ਦੋਸ਼ੀ ਵਿਅਕਤੀ ਨੂੰ ਜੇਲ੍ਹ ਵਿੱਚੋਂ ਕੱਢ ਕੇ ਉਸ ਥਾਂ ਲਿਜਾਇਆ ਜਾ ਰਿਹਾ ਸੀ ਜਿੱਥੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਸੀ - ਸ਼ਾਇਦ ਕੋਈ ਜਾਨਲੇਵਾ ਟੀਕਾ ਲਗਾ ਕੇ - ਤਾਂ ਉਸ ਦੇ ਅੱਗੇ-ਅੱਗੇ ਜੋ ਸੰਤਰੀ ਚੱਲ ਰਿਹਾ ਸੀ ਉਹ ਕਹਿ ਰਿਹਾ ਸੀ, “ਮੁਰਦਾ ਚੱਲ ਕੇ ਆ ਰਿਹਾ ਹੈ!” ਇਸ ਵਿਚ ਸੰਦੇਸ਼ ਇਹ ਹੈ ਕਿ ਉਹ ਅਪਰਾਧੀ, ਜਿਸ ਨੂੰ ਮਰਨ ਦਾ ਦੋਸ਼ੀ ਠਹਿਰਾਇਆ ਹੈ, ਮੁਰਦੇ ਵਰਗਾ ਹੀ ਹੈ। ਉਹ “ਮੁਰਦਾ ਚੱਲ ਕੇ ਆ ਰਿਹਾ ਹੈ।”

ਇਹੀ ਗੱਲ ਇਸਰਾਏਲੀਆਂ ਦੀ ਉਸ ਪੀੜ੍ਹੀ ਬਾਰੇ ਕਹੀ ਜਾ ਸਕਦੀ ਹੈ ਜਿਨ੍ਹਾਂ ਨੇ ਪਰਮੇਸ਼ੁਰ ਨੂੰ ਰੱਦ ਕੀਤਾ ਸੀ ਜਦੋਂ ਉਨ੍ਹਾਂ ਨੇ ਦਸ ਖੋਜ ਕੱਢਣ ਵਾਲਿਆਂ ਦੀ ਝੂਠੀ ਖਬਰ ਨੂੰ ਸਵੀਕਾਰ ਕੀਤਾ ਸੀ। ਉਨ੍ਹਾਂ ਤੇ ਪਰਮੇਸ਼ੁਰ ਦੇ ਨਿਆਂ ਦਾ ਐਲਾਨ ਕਰਨ ਮਗਰੋਂ, ਉਹ “ਮੁਰਦਾ ਚੱਲ ਫਿਰ ਰਹੇ ਸਨ।” ਉਨ੍ਹਾਂ ਦਾ ਮਰਨਾ ਯਕੀਨੀ ਸੀ।

ਇਹੀ ਵਿਚਾਰ ਅੱਜ ਦੇ ਸਮੇਂ ਦੇ ਕੁਝ ਲੋਕਾਂ ਤੇ ਲਾਗੂ ਹੁੰਦਾ ਹੈ। ਉਹ ਸਰੀਰਕ ਤੌਰ ਤੇ ਮਰਨ ਦੇ ਲਈ ਦੋਸ਼ੀ ਨਹੀਂ ਠਹਿਰਾਏ ਗਏ ਹਨ। ਪਰ, ਉਹ ਆਤਮਿਕ ਤੌਰ ਤੇ ਮੁਰਦਾ ਹਨ। ਉਹ “ਮੁਰਦਾ ਚੱਲ ਫਿਰ ਰਹੇ ਹਨ।” ਜਦੋਂ ਤੱਕ ਉਹ ਪਸ਼ਚਾਤਾਪ ਨਹੀਂ ਕਰਦੇ, ਉਨ੍ਹਾਂ ਦਾ ਮਰਨ ਦੇ ਲਈ ਦੋਸ਼ੀ ਠਹਿਰਾਇਆ ਜਾਣਾ ਨਿਸ਼ਚਤ ਹੈ ਅਤੇ ਉਹ ਸਦੀਪਕ ਕਾਲ ਦੇ ਲਈ ਮਰ ਜਾਣਗੇ। ਆਓ ਅਸੀਂ ਇਨ੍ਹਾਂ ਲੋਕਾਂ ਨੂੰ ਸਿਖਾਈਏ ਅਤੇ ਬਚਾਈਏ ਜਿਨ੍ਹਾਂ ਨੂੰ ਮੁਕਤੀ ਦੇ ਲਈ ਪ੍ਰਭੂ ਵੱਲ ਮੁੜਨ ਦੀ ਲੋੜ ਹੈ।

---

ਟਿੱਪਣੀਆਂ

[1]ਕੈਥਰੀਨ ਡੂਬ ਸੇਕਨਫੈਲਡ, *ਜਰਨੀਇੰਗ ਵਿਚ ਗੌਡ: ਏ ਕਮੈਂਟਰੀ ਆਨ ਦ ਬੁਕ ਆਫ਼ ਗਿਣਤੀ*, ਇੰਟਰਨੈਸ਼ਨਲ ਥੀਓਲੀਜੀਕਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 89. [2]ਟੀ. ਕਾਰਸਨ ਦੀ ਪੁਸਤਕ *ਦ ਨਿਊ ਲੇਅਮੈਨਜ ਬਾਈਬਲ ਕਮੈਂਟਰੀ ਇਨ ਵੱਨ ਵੋਲੁਅਮ*, ਸੰਪਾ. ਜੀ. ਸੀ. ਡੀ. ਹਾਊਲੀ, ਐਫ. ਐਫ. ਬਰੂਸ ਅਤੇ ਐਚ. ਐਲ. ਐਲੀਸਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 1979) ਵਿਚ ਸਫ਼ਾ 257 ਤੇ “ਗਿਣਤੀ” ਹੈ। ਇਸ ਪ੍ਰਤੀਕਾਤਮਕ ਕੰਮ ਦੇ ਲਈ ਹੋਰ ਉਦਾਹਰਣਾਂ ਦੇ ਲਈ, ਵੇਖੋ ਉਤਪਤ 17:3, 17; ਲੇਵੀਆਂ 9:24; ਗਿਣਤੀ 16:4, 22, 45; 20:6; ਯਹੋਸ਼ੁਆ 5:14; 7:6. [3]ਉਸੇ ਸਥਾਨ ਤੇ। ਵੇਖੋ ਜ਼ਬੂਰ 121:5, 6; ਯਸਾਯਾਹ 30:2, 3; 32:2; ਯੂਨਾਹ 4:6. [4]ਸੇਕਨਫੈਲਡ, 87. [5]ਬਾਰੁਚ ਏ. ਲੀਵਾਈਨ, *ਗਿਣਤੀ 1-20*, ਦਿ ਐਂਕਰ ਬਾਈਬਲ, ਜਿਲਦ 4 (ਨਿਊ ਯਾਰਕ: ਡੱਬਲਡੇਅ, 1993), 380. [6]ਸੇਕਨਫੈਲਡ, 90-91. [7]ਜੌਰਜ ਬੁਚਾਨਨ ਗਰੇਅ ਦੀ ਪੁਸਤਕ ਦਿ ਇੰਟਰਨੈਸ਼ਨਲ ਕ੍ਰਿਟੀਕਲ ਕਮੈਂਟਰੀ (ਨਿਊ ਯਾਰਕ: ਚਾਰਲਸ ਸਕਰਿਬਨਰਸ ਸੰਨਜ, 1903) ਵਿਚ ਸਫ਼ਾ 158 ਤੇ *ਗਿਣਤੀ* ਹੈ। ਇਸੇ ਮੁਹਾਵਰੇ ਨਾਲ ਮਿਲਦੀਆਂ ਜੁਲਦੀਆਂ ਵਰਤੋਆਂ ਦੇ ਲਈ, ਵੇਖੋ ਉਤਪਤ 31:7, 41; ਨਹਮਯਾਹ 4:12; ਅੱਯੂਬ 19:3. [8]ਕਾਲੇਬ ਅਤੇ ਉਸ ਦੀਆਂ ਅੰਸਾਂ ਅਤੇ ਉਨ੍ਹਾਂ ਦੇ ਦੇਸ ਨੂੰ ਆਪਣੇ ਕਬਜ਼ੇ ਵਿਚ ਲੈਣ ਸੰਬੰਧੀ, ਵੇਖੋ ਯਹੋਸ਼ੁਆ 14:6-14; ਨਿਆਈਆਂ 1:10-15. [9]ਏ. ਨੂਰਡਟਜ਼ਿਜ, *ਗਿਣਤੀ*, ਅਨੁਵਾਦ ਐਡ ਵੈਨ ਡਰ ਮਾਸ, ਬਾਈਬਲ ਸਟੂਡੈਂਟਸ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1983), 127. [10]ਯੋਹਨਨ ਅਹਾਰੋਨੀ ਅਤੇ ਮਾਈਕਲ ਅਵੀ-ਯੋਨਹ ਦੀ ਪੁਸਤਕ *ਦ ਮੈਕਮਿਲਨ ਬਾਈਬਲ ਐਟਲਸ*, ਤੀਜਾ ਸੋਧ (ਨਿਊ ਯਾਰਕ: ਮੈਕਮਿਲਨ ਪਬਲਿਸ਼ਿੰਗ ਕੰਪਨੀ, 1993) ਦਾ ਸਫ਼ਾ 17 (ਨੰ. 10) ਵੇਖੋ।

[11]ਸ੍ਰੋਤਾਂ ਦੀ ਇਕ ਚਰਚਾ ਜੋ ਕਥਿਤ ਤੌਰ ਤੇ 13 ਅਤੇ 14 ਅਧਿਆਵਾਂ ਵਿਚ ਵਰਤੀ ਗਈ ਹੈ ਅਤੇ ਇਨ੍ਹਾਂ ਅਧਿਆਵਾਂ ਦੇ ਲਈ ਇਸ ਦ੍ਰਿਸ਼ਟੀਕੋਣ ਨੂੰ ਠੁਕਰਾਉਣ ਦੇ ਕਾਰਣ ਗੋਰਡਨ ਜੇ. ਵੈਨਹਮ ਦੀ ਪੁਸਤਕ *ਗਿਣਤੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 124-26 ਤੇ ਦਿੱਤੇ ਗਏ ਹਨ।